Excellence in Agri Info

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

KHETI DUNIYAN, PATIALA

www.khetiduniyan.in

Postage Regd. No. PB/PTA/0338/2025-2027



ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ

ਖੇਤੀ ਦੁਨੀਆਂ ਦੇ ਮੈਂਬਰ ਬਣੋ

ਇੱਕ ਸਾਲ ਲਈ 400/- ਰੁਪਏ

ਦੋ ਸਾਲ ਲਈ 700/- ਰੁਪਏ

ਚੰਦੇ ਭਰਨ ਲਈ QR ਕੋਡ ਸਕੈਨ ਕਰੋ।



Editor : Jagpreet Singh • RNI/PUNPUN00806 • Issue Dated 03-01-2026 • Vol.44 No.01 • M. 90410-14575 • Page 16 E-mail : khetiduniyan1983@gmail.com


# ਭਾਰਤ ਚੌਲਾਂ ਦੇ ਉਤਪਾਦਨ ਵਿੱਚ ਬਣਿਆ 'ਦੁਨੀਆਂ ਦਾ ਰਾਜਾ'

## 152 ਮਿਲੀਅਨ ਮੀਟ੍ਰਿਕ ਟਨ ਤੱਕ ਪੁੱਜਾ ਚੌਲਾਂ ਦਾ ਉਤਪਾਦਨ

ਚੌਲਾਂ ਦੀ ਵੱਡੇ ਪੈਮਾਨੇ 'ਤੇ ਖੇਤੀ ਅਤੇ ਇਸ ਦੀ ਬਰਾਮਦ ਦੇ ਮਾਮਲੇ ਵਿੱਚ ਚੀਨ ਲੰਬੇ ਸਮੇਂ ਤੋਂ ਅੱਗੇ ਰਿਹਾ ਹੈ, ਪਰ ਹੁਣ ਭਾਰਤ ਸਾਲਾਂ ਪੁਰਾਣੇ ਉਸ ਦੇ ਦਬਦਬੇ ਨੂੰ ਖਤਮ ਕਰਕੇ ਖੁਦ ਪਹਿਲੇ ਨੰਬਰ 'ਤੇ ਆ ਗਿਆ ਹੈ। ਦੁਨੀਆਂ ਭਰ ਵਿੱਚ ਚੌਲਾਂ ਦੀ ਜਿੰਨੀ ਵੀ ਖੇਤੀ ਹੁੰਦੀ ਹੈ, ਉਸ ਵਿੱਚ ਭਾਰਤ ਦੀ ਹਿੱਸੇਦਾਰੀ 28 ਫੀਸਦੀ ਤੋਂ ਵੀ ਵੱਧ ਹੈ।



ਯੂਨਾਈਟਿਡ ਸਟੇਟਸ ਡਿਪਾਰਟਮੈਂਟ ਆਫ ਐਗਰੀਕਲਚਰ (ਯੂ. ਐਸ. ਡੀ. ਏ.) ਨੇ ਵੀ ਭਾਰਤ ਦੀ ਇਸ ਉਪਲੱਬਧੀ ਨੂੰ ਮੰਨਿਆ ਹੈ। ਆਪਣੀ ਦਸੰਬਰ 2025 ਦੀ ਰਿਪੋਰਟ ਵਿੱਚ ਯੂ. ਐਸ. ਡੀ. ਏ. ਨੇ ਕਿਹਾ ਕਿ ਭਾਰਤ ਵਿੱਚ ਚੌਲਾਂ ਦਾ ਉਤਪਾਦਨ 152 ਮਿਲੀਅਨ ਮੀਟ੍ਰਿਕ ਟਨ ਤੱਕ ਪਹੁੰਚ ਗਿਆ ਹੈ, ਜਦੋਂਕਿ ਚੀਨ ਦਾ ਉਤਪਾਦਨ 146 ਮਿਲੀਅਨ ਮੀਟ੍ਰਿਕ ਟਨ ਹੈ। ਇਸ ਦੇ ਨਾਲ ਇਸ ਮਾਮਲੇ ਵਿੱਚ ਭਾਰਤ ਦੁਨੀਆਂ ਵਿੱਚ 'ਚੌਲਾਂ ਦਾ ਰਾਜਾ' ਬਣ ਬੈਠਾ ਹੈ।

### ਤਾਈਵਾਨ ਨੇ ਕੀਤੀ ਸੀ ਭਾਰਤ ਦੀ ਮੱਦਦ

ਭਾਰਤ ਵਿੱਚ ਪ੍ਰਾਚੀਨ ਕਾਲ ਤੋਂ ਚੌਲ ਉਗਾਏ ਅਤੇ ਖਾਧੇ ਜਾਂਦੇ ਰਹੇ ਹਨ। ਅੱਜ ਜਦੋਂ ਵੀ ਚੌਲ ਦੇ ਉਤਪਾਦਨ ਦੀ ਗੱਲ ਆਉਂਦੀ ਹੈ, ਤਾਂ ਅਕਸਰ ਭਾਰਤ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ। ਦੁਨੀਆਂ ਵਿੱਚ ਚੌਲ ਦੀਆਂ ਲਗਭਗ 1,23,000 ਕਿਸਮਾਂ ਹਨ, ਜਿਨ੍ਹਾਂ ਵਿੱਚੋਂ ਲਗਭਗ 60,000 ਭਾਰਤ ਵਿੱਚ ਪਾਈਆਂ ਜਾਂਦੀਆਂ ਹਨ। ਹਾਲਾਂਕਿ ਇਸ ਵਿੱਚ ਚੀਨ ਦੇ ਦੁਸ਼ਮਣ ਤਾਈਵਾਨ ਦੇ ਯੋਗਦਾਨ ਨੂੰ ਨਕਾਰਿਆ ਨਹੀਂ ਜਾ ਸਕਦਾ।

60 ਦੇ ਦਹਾਕੇ ਵਿੱਚ ਜਦੋਂ ਭਾਰਤ ਅਨਾਜ ਸੰਕਟ ਨਾਲ ਜੂਝ ਰਿਹਾ ਸੀ, ਉਦੋਂ ਤਾਈਵਾਨ ਭਾਰਤ ਦੀ ਮੱਦਦ ਲਈ ਅੱਗੇ ਆਇਆ ਸੀ। ਇਸ ਨੇ ਸਭ ਤੋਂ ਪਹਿਲਾਂ ਝੋਨੇ ਦੀ ਆਪਣੀ ਪ੍ਰਜਾਤੀ ਤਾਈਚੂੰਗ ਨੇਟਿਵ-1 ਭਾਰਤ ਨੂੰ ਦਿੱਤੀ ਸੀ। ਇਸ ਤੋਂ ਬਾਅਦ 1968 ਵਿੱਚ ਦੂਜੀ ਕਿਸਮ ਆਈ. ਆਰ.-8 ਇਰੀ ਦਿੱਤੀ। ਫਿਰ ਦੇਸ਼ ਦੇ ਖੇਤੀਬਾੜੀ ਵਿਗਿਆਨੀ ਨੇ ਚੌਲਾਂ ਦੀਆਂ ਇਨ੍ਹਾਂ ਪ੍ਰਜਾਤੀਆਂ ਨਾਲ ਹਾਈਬ੍ਰਿਡਾਈਜ਼ੇਸ਼ਨ ਕਰਨਾ ਸ਼ੁਰੂ ਕੀਤਾ। ਹੌਲੀ-ਹੌਲੀ ਅੱਗੇ ਚੱਲ ਕੇ ਭਾਰਤ ਚੌਲ ਦੇ ਉਤਪਾਦਨ ਦੇ ਮਾਮਲੇ ਵਿੱਚ ਆਤਮ-ਨਿਰਭਰ ਬਣਿਆ।

### ਫਾਰੇਨ ਪਾਲਿਸੀ ਦਾ ਹਥਿਆਰ ਬਣੇ ਚੌਲ

ਮੰਨੇ-ਪ੍ਰਮੰਨੇ ਐਗਰੋਨਾਮਿਸਟ ਡਾ. ਸੁਧਾਂਸ਼ੂ ਸਿੰਘ ਦਾ ਕਹਿਣਾ ਹੈ ਕਿ ਦੁਨੀਆਂ ਦੇ ਸਭ ਤੋਂ ਵੱਡੇ ਚੌਲ ਉਤਪਾਦਕ ਦੇ ਤੌਰ 'ਤੇ ਭਾਰਤ ਦਾ ਉਭਰਨਾ ਇੱਕ ਵੱਡੀ ਉਪਲੱਬਧੀ ਹੈ। ਭਾਰਤੀ ਚੌਲ 172 ਦੇਸ਼ਾਂ ਵਿੱਚ ਬਰਾਮਦ ਕੀਤੇ ਜਾਂਦੇ ਹਨ ਅਤੇ ਚੌਲ ਭਾਰਤ ਦੀ ਵਿਦੇਸ਼ ਨੀਤੀ ਦਾ ਇੱਕ ਮਹੱਤਵਪੂਰਨ ਹਥਿਆਰ ਵੀ ਬਣ ਗਏ ਹਨ। 2024-25 ਵਿੱਚ ਭਾਰਤ ਨੇ ਰਿਕਾਰਡ 4,50,840 ਕਰੋੜ ਰੁਪਏ ਦੇ ਖੇਤੀਬਾੜੀ ਉਤਪਾਦਾਂ ਦਾ ਐਕਸਪੋਰਟ ਕੀਤਾ, ਜਿਸ ਵਿੱਚ ਚੌਲਾਂ ਦਾ ਹਿੱਸਾ ਸਭ ਤੋਂ ਵੱਧ ਲਗਭਗ 24 ਫੀਸਦੀ ਸੀ। ਬਾਸਮਤੀ ਅਤੇ ਗੈਰ-ਬਾਸਮਤੀ ਚੌਲਾਂ ਦਾ ਐਕਸਪੋਰਟ ਕਰਕੇ ਭਾਰਤ ਨੇ ਇੱਕ ਸਾਲ ਵਿੱਚ 1,05,720 ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਕਮਾਈ। ਇਹ ਭਾਰਤੀ ਅਰਥਵਿਵਸਥਾ ਲਈ ਚੌਲਾਂ ਦੇ ਮਹੱਤਵ ਨੂੰ ਦਿਖਾਉਂਦਾ ਹੈ।





# ਹਲਕੀ ਬਾਰਿਸ਼ ਹਾੜ੍ਹੀ ਦੀਆਂ ਫ਼ਸਲਾਂ ਲਈ ਸੋਨੇ 'ਤੇ ਸੁਹਾਗਾ ਸਾਬਤ ਹੋਵੇਗੀ

ਪਿਛਲੇ ਦਿਨੀਂ ਪੰਜਾਬ ਵਿੱਚ ਹੋਈ ਹਲਕੀ ਬਾਰਿਸ਼ ਹਾੜ੍ਹੀ ਦੀਆਂ ਫ਼ਸਲਾਂ ਖਾਸ ਤੌਰ 'ਤੇ ਕਣਕ ਦੀ ਫ਼ਸਲ ਲਈ ਰਾਹਤ ਬਣ ਬਹੁੜੀ ਹੈ ਅਤੇ ਸੋਨੇ 'ਤੇ ਸੁਹਾਗਾ ਸਾਬਤ ਹੋਵੇਗੀ। ਇਸ ਨਾਲ ਕਣਕ ਦਾ ਝਾੜ ਵਧਣ ਦੀ ਆਸ ਨੂੰ ਬੂਰ ਪੈਂਦਾ ਵਿਖਾਈ ਦੇ ਰਿਹਾ ਹੈ। ਰਾਜਪੁਰਾ ਦੇ ਨੇੜਲੇ ਪਿੰਡਾਂ ਨੀਲਪੁਰ, ਦਮਨਹੇੜੀ, ਖਾਨਪੁਰ, ਧਮੋਲੀ, ਖਡੋਲੀ, ਮਦਨਪੁਰ, ਚਲਹੇੜੀ, ਪਹਿਰ, ਨੇਪਰਾਂ, ਫਤਿਹਪੁਰਗੜ੍ਹੀ ਅਤੇ ਹੋਰਨਾਂ ਪਿੰਡਾਂ ਦੇ ਕਿਸਾਨਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਆਸਮਾਨੀ ਬਾਰਿਸ਼ ਦਾ ਪਾਣੀ ਆਪਣੇ ਨਾਲ ਨਾਈਟਰੋਜਨ ਲੈ ਕੇ ਆਉਂਦਾ ਹੈ, ਜੋ ਕਣਕ ਦੇ ਕੁਦਰਤੀ ਫੁਟਾਰੇ ਲਈ ਲਾਹੇਵੰਦ ਹੁੰਦਾ ਹੈ। ਇਸ ਨਾਲ ਕਣਕ ਦਾ ਰੰਗ ਗੂੜ੍ਹਾ ਹਰਾ ਹੋ ਜਾਂਦਾ ਹੈ ਅਤੇ ਕਣਕ ਦੇ ਬੂਟੇ ਵਿੱਚ ਜਾਨ ਪੈ ਜਾਂਦੀ ਹੈ। ਬਾਰਿਸ਼ ਕਾਰਨ ਤਾਪਮਾਨ ਵਿੱਚ ਗਿਰਾਵਟ ਆ ਜਾਂਦੀ ਹੈ। ਇਹ ਗਿਰਾਵਟ ਕਣਕ ਦੇ ਦਾਣੇ ਦੀ ਗੁਣਵੱਤਾ ਅਤੇ ਬੂਟੇ ਦੇ ਵਾਧੇ ਲਈ ਅਨੁਕੂਲ ਹਾਲਾਤ ਪੈਦਾ ਕਰਦੀ ਹੈ। ਬਾਰਿਸ਼ ਕਾਰਨ ਪੱਤਿਆਂ ਉਪਰ ਜੰਮੀ ਧੂੜ ਮਿੱਟੀ ਦੇ ਕਣਕ ਧੋਤੇ ਜਾਂਦੇ ਹਨ। ਇਸ ਨਾਲ ਬੂਟਿਆਂ ਦੀ ਸੂਰਜ ਦੀ ਰੌਸ਼ਨੀ ਸੋਖਣ ਦੀ ਸਮਰੱਥਾ ਵੱਧ ਜਾਂਦੀ ਹੈ। ਇਸ ਸੰਬੰਧੀ ਖੇਤੀ ਮਾਹਿਰਾਂ ਅਤੇ ਕਿਸਾਨਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਕਿਸਾਨਾਂ ਨੇ ਕਣਕ ਨੂੰ ਦੂਜਾ ਪਾਣੀ ਲਾਉਣਾ ਸੀ, ਉਨ੍ਹਾਂ ਲਈ ਇਹ ਬਾਰਿਸ਼ ਡੀਜ਼ਲ ਅਤੇ ਬਿਜਲੀ ਦੀ ਬੱਚਤ ਦੇ ਰੂਪ ਵਿੱਚ ਲਾਹੇਵੰਦ ਸਾਬਤ ਹੋਈ ਹੈ ਅਤੇ ਕਿਹਾ ਜੇਕਰ ਬਾਰਿਸ਼ ਹਲਕੀ ਹੀ ਰਹਿੰਦੀ ਹੈ ਤਾਂ ਇਹ ਬਾਰਿਸ਼ ਆਲੂਆਂ ਦੀ ਫ਼ਸਲ ਲਈ ਵੀ ਫਾਇਦੇਮੰਦ ਹੈ, ਪਰ ਜੇਕਰ ਖੇਤਾਂ ਵਿੱਚ ਪਾਣੀ ਖੜ੍ਹ ਜਾਂਦਾ ਹੈ ਤਾਂ ਲੇਟ ਬਲਾਈਟ (ਝੁਲਸ ਰੋਗ) ਦਾ ਖਤਰਾ ਵੱਧ ਸਕਦਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਹਾਲ ਦੀ ਘੜੀ ਇਹ ਬਾਰਿਸ਼ ਕਣਕ, ਹਰਾ ਚਾਰਾ, ਸਰ੍ਹੋਂ, ਆਲੂ ਅਤੇ ਹੋਰ ਫ਼ਸਲਾਂ ਲਈ ਲਾਭਦਾਇਕ ਸਾਬਤ ਹੋਵੇਗੀ, ਪਰ ਜੇਕਰ ਜ਼ਿਆਦਾ ਬਾਰਿਸ਼ ਪੈਂਦੀ ਹੈ ਅਤੇ ਖੇਤਾਂ ਵਿੱਚ ਪਾਣੀ ਖੜ੍ਹਨ ਦੀ ਨੌਬਤ ਆ ਜਾਂਦੀ ਹੈ ਤਾਂ ਪਾਣੀ ਦੀ ਨਿਕਾਸੀ ਦਾ ਉਚਿੱਤ ਪ੍ਰਬੰਧ ਕੀਤਾ ਜਾਵੇ।




# ਨਵੇਂ ਵਰ੍ਹੇ ਦਾ ਸਰਘੀ ਵੇਲਾ




ਨਵੇਂ ਵਰ੍ਹੇ ਤੇ ਸਰਘੀ ਵੇਲ੍ਹੇ ਚੜ੍ਹਦੇ ਸੂਰਜ ਦੀ ਪਹਿਲੀ ਕਿਰਨ ਤੁਹਾਨੂੰ ਊਰਜਾਵਾਨ ਕਰਨ, ਤੁਹਾਨੂੰ ਆਸਵੰਦ ਕਰਨ ਅਤੇ ਜ਼ਿੰਦਗੀ ਪ੍ਰਤੀ ਸਕਰਾਤਮਕ ਰਵੱਈਆ ਰੱਖਣ ਲਈ ਪ੍ਰੇਰਿਤ ਕਰਨ ਲਈ ਤੁਹਾਡੇ ਬੂਹੇ ਤੇ ਦਸਤਕ ਦੇ ਰਹੀ ਹੈ। ਤੁਸੀਂ ਆਪਣੀ ਜ਼ਿੰਦਗੀ ਵਿੱਚ ਜਿਸ ਮੁਕਾਮ ਤੇ ਹੋ, ਸਭ ਤੋਂ ਪਹਿਲਾਂ ਉਸ ਸੱਚ ਨੂੰ ਮੰਨੋ ਅਤੇ ਇਸ ਅਸਲੀਅਤ ਨੂੰ ਅਪਣਾਓ, ਜੋ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ, ਜੋ ਮੁਕਾਮ ਹਾਸਿਲ ਕਰਨਾ ਚਾਹੁੰਦੇ ਹੋ, ਉਸ ਦੇ ਲਈ ਲੋੜੀਂਦੇ ਮਿਹਨਤ ਅਤੇ ਸੰਘਰਸ਼ ਨੂੰ ਲਗਾਤਾਰਤਾ ਵਿੱਚ ਰੱਖੋ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰੋ, ਤੁਹਾਨੂੰ ਅੰਬਰਾਂ ਵਿੱਚ ਉਡਾਰੀ ਮਾਰਨ ਤੇ ਕੋਈ ਨਹੀਂ ਰੋਕ ਸਕਦਾ ਜਦੋਂ ਤੱਕ ਤੁਸੀਂ ਅਸਲੀਅਤ, ਦ੍ਰਿੜ੍ਹਤਾ ਅਤੇ ਸਕਰਾਤਮਕਤਾ ਨਾਲ ਆਪਣੇ ਰਾਹ ਦੇ ਚੱਲਦੇ ਰਹੋਗੇ। ਯਾਦ ਰਹੇ ਆਪਣੇ ਕੱਲ੍ਹ ਦੇ ਪਛਤਾਵੇ ਅਤੇ ਭਵਿੱਖ ਦੀ ਚਿੰਤਾ ਵਿੱਚ, ਆਪਣੇ ਵਰਤਮਾਨ ਦੀ ਬਲੀ ਨਾ ਦੇਵੋ। ਰਾਤਾਂ ਬਾਅਦ ਦਿਨ ਚੜ੍ਹਣ ਦਾ ਸਿਲਸਿਲਾ ਜਾਰੀ ਸੀ, ਜਾਰੀ ਹੈ ਤੇ ਜਾਰੀ ਰਹੇਗਾ, ਲੋੜ ਹੈ ਤੁਹਾਡੇ ਸਮੇਂ ਸਿਰ ਜਾਗਣ ਦੀ ਤੇ ਖੁੱਲ੍ਹਦਿਲੀ ਨਾਲ ਜ਼ਿੰਦਗੀ ਜ਼ਿੰਦਾਬਾਦ ਕਹਿਣ ਦੀ।

ਇਨਸਾਨ ਉਮਰ ਦੇ ਕਿਸੇ ਪੜਾਅ ਤੇ ਹੋਵੇ, ਉਸ ਲਈ ਆਸਵੰਦ ਬਣੇ ਰਹਿਣਾ ਅਤਿ ਲਾਜ਼ਮੀ ਹੈ, ਜਿਵੇਂ ਕਿਹਾ ਜਾਂਦਾ ਹੈ ਕਿ 'ਉਮੀਦ ਤੇ ਹੀ ਦੁਨੀਆ ਕਾਇਮ ਹੈ।' ਹਰ ਇਨਸਾਨ ਦੇ ਲਈ ਨਵੇਂ ਸਾਲ ਦੇ ਅਰਥ ਅਤੇ ਨਵੇਂ ਸਾਲ ਦੀ ਮਹੱਤਤਾ ਆਪਣੀ-ਆਪਣੀ ਹੁੰਦੀ ਹੈ, ਕਈਆਂ ਲਈ ਇਹ ਪੀੜਾਦਾਇਕ ਵਾਪਰੀਆਂ ਘਟਨਾਵਾਂ ਦੇ ਦਿਨਾਂ ਨੂੰ ਮੁੜ ਯਾਦਾਂ ਦੇ ਝਰੋਖਿਆਂ ਵਿੱਚ ਤਾਜ਼ਾ ਕਰ, ਹਲੂਣ ਛੱਡਦੀ ਹੈ ਅਤੇ ਕਈਆਂ ਲਈ ਖੁਸ਼ੀਆਂ ਦਾ ਵਣਜ ਬਣਦੀ ਹੈ। ਜ਼ਿੰਦਗੀ ਵਿੱਚ ਉਤਾਰ-ਚੜ੍ਹਾਅ ਆਪਣਾ ਅਹਿਮ ਸਥਾਨ ਰੱਖਦੇ ਹਨ, ਇਹਨਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਦੁੱਖ-ਸੁੱਖ ਜ਼ਿੰਦਗੀ ਦੇ ਦੋ ਅਹਿਮ ਰੰਗ ਹਨ, ਦੋ ਅਜਿਹੇ ਰਸ ਹਨ ਜਿਹਨਾਂ ਦੀ ਗੈਰ-ਮੌਜੂਦਗੀ ਇਨਸਾਨ ਦੀ ਜ਼ਿੰਦਗੀ ਨੂੰ ਰਸਹੀਣ ਕਰ ਛੱਡਦੀ ਹੈ।



ਗੋਬਿੰਦਰ ਸਿੰਘ ਢੀਂਡਸਾ
ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)
ਮੋਬਾਇਲ : 92560-66000

ਇਨਸਾਨ ਹਰ ਰੋਜ਼ ਕੁੱਝ ਨਵਾਂ ਸਿੱਖਦਾ ਹੈ, ਜੇ ਸਿੱਖਣ ਦੀ ਕੋਸ਼ਿਸ਼ ਕਰੇ, ਸਮਝਣ ਦਾ ਯਤਨ ਕਰੇ। ਨਵੇਂ ਸਾਲ ਦੀ ਨਵੀਂ ਸਵੇਰ ਨੂੰ ਹੱਸ ਕੇ, ਖਿੜੇ ਮੱਥੇ ਪ੍ਰਵਾਨ ਕਰਨਾ ਤੁਹਾਡੀ ਜ਼ਿੰਦਗੀ ਪ੍ਰਤੀ ਸਕਰਾਤਮਕਤਾ, ਸਾਰਥਕ ਪਹੁੰਚ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਤੁਹਾਡੇ ਜ਼ਿੰਦਾਦਿਲ ਇਨਸਾਨ ਹੋਣ ਦੀ ਪੁਸ਼ਟੀ ਕਰਦਾ ਹੈ। ਨਵੇਂ ਦਿਨ, ਨਵੀਂ ਊਰਜਾ ਨਾਲ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ, ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਕਰਨ, ਆਪਣੇ ਦਿਨ ਨੂੰ ਬਿਹਤਰ ਕਰਨ ਅਤੇ ਭਵਿੱਖ ਨੂੰ ਸੰਵਾਰਨ ਦੀ ਅਣਥੱਕ ਕੋਸ਼ਿਸ਼ ਕਰਨੀ ਚਾਹੀਦੀ ਹੈ।

ਨਵੇਂ ਸਾਲ ਦੀ ਨਵੀਂ ਸਵੇਰ ਤੇ ਇੱਕ ਅਹਿਮ ਅਹਿਦ ਵੀ ਕਰਨਾ ਚਾਹੀਦਾ ਹੈ 'ਸਿਹਤ ਦੀ ਸੰਭਾਲ।' ਇੱਕ ਤੰਦਰੁਸਤ ਇਨਸਾਨ ਹੀ ਆਪਣੀ ਜ਼ਿੰਦਗੀ ਦਾ ਆਨੰਦ ਮਾਣ ਸਕਦਾ ਹੈ, ਆਪਣੀਆਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਭਾ ਸਕਦਾ ਹੈ। ਮੌਜੂਦਾ ਸਮੇਂ ਵਿੱਚ ਜ਼ਿਆਦਾਤਰ ਮੋਟਾਪੇ ਜਾਂ ਵੱਧ ਵਜ਼ਨ ਦਾ ਸ਼ਿਕਾਰ ਹਨ, ਸੋ ਲਾਜ਼ਮੀ ਹੈ ਕਿ ਆਪਣੇ ਵਜ਼ਨ ਨੂੰ ਨਿਯੰਤ੍ਰਣ ਵਿੱਚ ਰੱਖਣਾ ਆਪਣੀ ਮੁੱਢਲੀ ਜ਼ਿੰਮੇਵਾਰੀ ਵਿੱਚ ਸ਼ੁਮਾਰ ਕਰਨਾ ਚਾਹੀਦਾ ਹੈ। ਆਪਣੀ ਰੁਚੀ ਅਨੁਸਾਰ ਕੁਝ ਕਿਤਾਬਾਂ ਨੂੰ ਪੜ੍ਹਨ ਦੀ ਵੀ ਆਦਤ ਪਾਉਣੀ ਚਾਹੀਦੀ ਹੈ, ਚੰਗੀਆਂ ਕਿਤਾਬਾਂ ਇਨਸਾਨ ਦੀਆਂ ਸੱਚੀਆਂ ਮਿੱਤਰ ਸਾਬਿਤ ਹੁੰਦੀਆਂ ਹਨ। ਕਿਤਾਬਾਂ ਤੁਹਾਡੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਉਂਦੀਆਂ ਹਨ। ਕਿਸੇ ਵੀ ਧਰਮ ਵਿੱਚ ਆਸਥਾ ਵਿਅਕਤੀ ਦਾ ਨਿੱਜੀ ਮਾਮਲਾ ਹੈ, ਸਾਰਥਕ ਸਮਾਜ ਦੀ ਸਿਰਜਣਾ ਲਈ ਧਾਰਮਿਕ ਫਿਰਕਾਪ੍ਰਸਤੀ ਨੂੰ ਪਛਾਣਨਾ ਚਾਹੀਦਾ ਹੈ ਤੇ ਮਜ਼ਹਬੀ ਹਿੰਸਕ ਭੀੜ ਦਾ ਹਿੱਸਾ ਨਹੀਂ ਬਣਨਾ ਚਾਹੀਦਾ ਅਤੇ ਆਪਸੀ ਭਾਈਚਾਰੇ ਨੂੰ ਬਣਾਈ ਰੱਖਣ ਦਾ ਹੰਭਲਾ ਮਾਰਨਾ ਚਾਹੀਦਾ ਹੈ।

ਗੁਰੂ ਸਾਹਿਬਾਨਾਂ ਦੀ 'ਕਿਰਤ ਕਰਨਾ, ਵੰਡ ਛਕਣਾ' ਦੀ ਦਿੱਤੀ ਸਿੱਖਿਆ ਨੂੰ ਅਮਲੀਜਾਮਾ ਪਹਿਣਾਉਣਾ ਚਾਹੀਦਾ ਹੈ, ਹੱਕ ਦੀ ਕਮਾਈ ਕਰਨੀ ਚਾਹੀਦੀ ਹੈ। ਰੁਤਬਿਆਂ ਦੇ ਬਹਿ ਕੇ, ਦਾਅ ਲੱਗਦਿਆਂ ਕਿਸੇ ਦਾ ਹੱਕ ਨਹੀਂ ਮਾਰਨਾ ਚਾਹੀਦਾ, ਕਿਸੇ ਨਾਲ ਧੱਕਾ ਨਹੀਂ ਕਰਨਾ ਚਾਹੀਦਾ ਕਿਉਂਕਿ ਜੋ ਤੁਹਾਡਾ ਮੁਕਾਬਲਾ ਨਹੀਂ ਕਰ ਸਕਦਾ, ਉਸਦਾ ਸਬਰ, ਉਸਦੀ ਬਦ-ਦੂਆ ਤੁਹਾਨੂੰ ਪਾਪਾਂ ਦਾ ਭਾਗੀ ਬਣਾ ਛੱਡਦੀ ਹੈ, ਤੁਹਾਡੇ ਇਨਸਾਨ ਹੋਣ ਤੇ ਸਵਾਲ ਪੈਦਾ ਹੋ ਜਾਂਦਾ ਹੈ ? ਤੁਸੀਂ ਕਦੇ ਆਪਣੀ ਆਤਮਾ ਨਾਲ ਸ਼ੀਸ਼ੇ ਵਿੱਚ ਨਜ਼ਰ ਨਹੀਂ ਮਿਲਾ ਪਾਉਗੇ।

ਤੁਹਾਨੂੰ ਆਪਣੇ ਆਪ ਨਾਲ ਕੋਈ ਹਾਂ ਪੱਖੀ, ਸਕਰਾਤਮਕ ਵਾਅਦਾ ਕਰਨਾ ਚਾਹੀਦਾ ਹੈ ਜੋ ਤੁਹਾਡੇ ਲਈ ਖੁਸ਼ਹਾਲੀ ਦਾ ਵਣਜ ਬਣੇ ਅਤੇ ਇਸ ਉੱਤੇ ਬਣੇ ਰਹਿਣਾ ਤੁਹਾਡੀ ਦ੍ਰਿੜ੍ਹਤਾ ਅਤੇ ਸ਼ਖਸੀਅਤ ਦਾ ਇਮਤਿਹਾਨ ਹੈ ਅਤੇ ਇਸ ਵਿੱਚ ਕਾਮਯਾਬ ਹੋਣਾ ਤੁਹਾਡੀ ਜ਼ਿੰਮੇਵਾਰੀ ਹੈ। ਆਪਣੇ ਆਪ ਨਾਲ ਵਾਅਦਾ ਕਰਨਾ ਤੇ ਉਸ ਤੇ ਕਾਇਮ ਰਹਿਣਾ, ਜਿੰਨਾ ਸੌਖਾ ਜਾਪਦਾ ਹੈ ਉਨ੍ਹਾਂ ਸੌਖਾ ਨਹੀਂ। ਇਹ ਤੁਹਾਡੀ ਅਵੇਸਲਪਣ ਦੀ ਲਤ ਅਤੇ ਤੁਹਾਡੀ ਸ਼ਖਸੀਅਤ ਦੇ ਵਿਕਾਰਾਂ ਨੂੰ ਵੰਗਾਰ ਹੈ। ਜੇਕਰ ਤੁਸੀਂ ਆਪਣੇ ਆਪ ਨਾਲ ਕੀਤਾ ਵਾਅਦਾ ਵੱਫ਼ਾ ਨਹੀਂ ਕਰ ਸਕਦੇ ਤਾਂ ਬਾਕੀ ਸਭ ਨਿਗੂਣਾ ਹੈ। ਤੁਹਾਨੂੰ ਕਿਸੇ ਨੂੰ ਕੁੱਝ ਸਾਬਤ ਕਰਨ ਦੀ ਲੋੜ ਨਹੀਂ ਪਵੇਗੀ ਜੇਕਰ ਤੁਸੀਂ ਆਪਣੀ ਨਜ਼ਰਾਂ ਵਿੱਚ ਸ਼ਰਮਿੰਦਾ ਨਹੀਂ ਹੁੰਦੇ ਅਤੇ ਆਪਣੇ ਆਪ ਨਾਲ ਕੀਤੇ ਇਕਰਾਰ ਤੇ ਪੂਰ ਉੱਤਰਦੇ ਹੋ।

# ਸੂਰਜਮੁਖੀ : ਬਹੁ-ਫ਼ਸਲੀ ਪ੍ਰਣਾਲੀ ਦੀ ਇੱਕ ਅਹਿਮ ਤੇਲਬੀਜ ਫ਼ਸਲ

ਸ਼ੈਲੀ ਨਈਅਰ ਧਾਲੀਵਾਲ ਅਤੇ ਅਮਨ ਪ੍ਰੀਤ, ਤੇਲਬੀਜ ਸੈਕਸ਼ਨ, ਪੀ. ਏ. ਯੂ., ਲੁਧਿਆਣਾ (ਮੋ. 94648-79346)

**ਫ਼ਸਲੀ ਚੱਕਰ** : ਪੰਜਾਬ ਅਤੇ ਉੱਤਰ ਭਾਰਤ ਦੇ ਹੋਰ ਸੂਬਿਆਂ ਲਈ ਝੋਨਾ-ਆਲੂ-ਸੂਰਜਮੁਖੀ, ਝੋਨਾ-ਤੋਰੀਆ-ਸੂਰਜਮੁਖੀ, ਬਾਸਮਤੀ-ਸੂਰਜਮੁਖੀ, ਮੱਕੀ-ਆਲੂ-ਸੂਰਜਮੁਖੀ, ਨਰਮਾ-ਸੂਰਜਮੁਖੀ, ਸਾਉਣੀ ਦਾ ਚਾਰਾ-ਤੋਰੀਆ-ਸੂਰਜਮੁਖੀ ਆਦਿ ਮੁੱਖ ਫ਼ਸਲੀ ਚੱਕਰ ਹਨ। ਸੂਰਜਮੁਖੀ ਦੀ ਫ਼ਸਲ ਪਿਛੇਤੀ ਬੀਜੀ (ਦਸੰਬਰ-ਜਨਵਰੀ) ਕਣਕ ਦੀ ਫ਼ਸਲ ਨਾਲੋਂ ਵੱਧ ਮੁਨਾਫ਼ਾ ਦਿੰਦੀ ਹੈ। ਆਲੂਆਂ ਤੋਂ ਬਾਅਦ ਸੂਰਜਮੁਖੀ ਦੀ ਫ਼ਸਲ ਲਈ ਵਾਹੀ ਦਾ ਖਰਚਾ ਘੱਟ ਹੁੰਦਾ ਹੈ ਅਤੇ ਆਲੂਆਂ ਨੂੰ ਪਾਈ ਹੋਈ ਖਾਦ ਦੀ ਵੀ ਸੁਚੱਜੀ ਵਰਤੋਂ ਹੁੰਦੀ ਹੈ।



**ਬਿਜਾਈ ਦਾ ਸਮਾਂ** : ਬਿਜਾਈ ਅਖੀਰ ਜਨਵਰੀ ਤੱਕ ਕਰ ਦਿਉ। ਫਰਵਰੀ ਦੇ ਪਹਿਲੇ ਹਫ਼ਤੇ ਵਿੱਚ ਅਗੇਤੀਆਂ ਪੱਕਣ ਵਾਲੀਆਂ ਦੋਗਲੀਆਂ ਕਿਸਮਾਂ (ਪੀ ਐਸ ਐਚ 2080, ਪੀ ਐਸ ਐਚ 1962, ਪੀ ਐਸ ਐਚ 996) ਬੀਜੋ। ਪਿਛੇਤੀ ਬੀਜੀ ਗਈ ਫ਼ਸਲ ਵਿੱਚ ਫੁੱਲ ਪੈਣ ਅਤੇ ਬੀਜ ਬਨਣ ਸਮੇਂ ਤਾਪਮਾਨ ਜ਼ਿਆਦਾ ਹੋਣ ਕਾਰਨ ਫੁੱਲ ਛੋਟੇ ਰਹਿ ਜਾਂਦੇ ਹਨ, ਬੀਜ ਘੱਟ ਬਣਦੇ ਹਨ ਜਾਂ ਜ਼ਿਆਦਾਤਰ ਬੀਜ ਫੋਕੇ ਹੀ ਰਹਿ ਜਾਂਦੇ ਹਨ ਅਤੇ ਬਿਮਾਰੀਆਂ ਅਤੇ ਕੀੜਿਆਂ ਦਾ ਹਮਲਾ ਵੀ ਵੱਧ ਹੁੰਦਾ ਹੈ। ਜਿਨ੍ਹਾਂ ਕਰਕੇ ਝਾੜ ਕਾਫ਼ੀ ਘੱਟ ਜਾਂਦਾ ਹੈ।

**ਬੀਜ ਦੀ ਮਾਤਰਾ ਅਤੇ ਸੋਧ** : ਦੋ ਕਿਲੋ ਬੀਜ ਪ੍ਰਤੀ ਏਕੜ ਵਰਤੋਂ। ਚਿੱਟੀ ਉੱਲੀ ਵਾਲੇ ਰੋਗ ਦੇ ਟਾਕਰੇ ਲਈ ਬਿਜਾਈ ਤੋਂ ਪਹਿਲਾਂ ਪ੍ਰਤੀ ਕਿਲੋ ਬੀਜ ਦੀ 6 ਗ੍ਰਾਮ ਟੈਗਰਾਨ 35 ਡਬਲਯੂ ਐੱਸ (ਮੈਟਾਲੈਕਸਲ) ਨਾਲ ਸੋਧ ਕਰੋ।

**ਬਿਜਾਈ ਦਾ ਢੰਗ** : ਫ਼ਸਲ ਦੀ ਬਿਜਾਈ ਪੂਰਬ-ਪੱਛਮ ਦਿਸ਼ਾ ਵਿੱਚ ਬਣਾਈਆਂ ਵੱਟਾਂ ਦੇ ਦੱਖਣ ਵਾਲੇ ਪਾਸੇ ਕਰਨੀ ਚਾਹੀਦੀ ਹੈ। ਵੱਟਾਂ ਵਿਚਕਾਰ 60 ਸੈ. ਮੀ. ਅਤੇ ਬੀਜ ਤੋਂ ਬੀਜ ਵਿਚਕਾਰ 30 ਸੈ. ਮੀ. ਦਾ ਫ਼ਾਸਲਾ ਰੱਖੋ। ਬੀਜ ਨੂੰ ਵੱਟ ਦੇ ਉਪਰਲੇ ਸਿਰੇ ਤੋਂ 6-8 ਸੈਂਟੀਮੀਟਰ ਹੇਠਾਂ 4-5 ਸੈਂਟੀਮੀਟਰ ਦੀ ਡੂੰਘਾਈ ਤੇ ਬੀਜੋ। ਵੱਟ ਦੀ ਬੀਜੀ ਫ਼ਸਲ ਨੂੰ ਬਿਜਾਈ ਤੋਂ 3-4 ਦਿਨਾਂ ਪਿੱਛੋਂ ਹਲਕੀ ਸਿੰਚਾਈ ਇਸ ਤਰ੍ਹਾਂ ਕਰੋ ਕਿ ਪਾਣੀ ਬੀਜ ਤੋਂ ਥੱਲੇ ਰਹੇ। ਬੀਜ ਉੱਗਣ ਤੋਂ ਦੋ ਹਫ਼ਤਿਆਂ ਬਾਅਦ ਬੂਟੇ ਤੋਂ ਬੂਟੇ ਦਾ ਫ਼ਾਸਲਾ 30 ਸੈ.ਮੀ. ਰੱਖਦੇ ਹੋਏ ਵਾਧੂ ਬੂਟੇ ਕੱਢ ਦਿਓ।

**ਖਾਦਾਂ** : ਮਿੱਟੀ ਦੀ ਜਾਂਚ ਕਰਵਾਉਣ ਤੋਂ ਬਾਅਦ ਦਰਮਿਆਨੀਆਂ ਉਪਜਾਊ ਸ਼ਕਤੀ ਵਾਲੀਆਂ ਜ਼ਮੀਨਾਂ ਵਿੱਚ ਯੂਰੀਆ 50 ਕਿਲੋ, ਸਿੰਗਲ ਸੁਪਰਫਾਸਫੇਟ 75 ਕਿਲੋ ਅਤੇ ਮਿਊਰੇਟ ਆਫ ਪੋਟਾਸ਼ 20 ਕਿਲੋ ਪ੍ਰਤੀ ਏਕੜ ਪਾਉ। ਦਰਮਿਆਨੀਆਂ ਭਾਰੀਆਂ ਜ਼ਮੀਨਾਂ ਵਿੱਚ ਸਿਫ਼ਾਰਸ਼ ਕੀਤੀ ਗਈ ਖਾਦ ਦੀ ਸਾਰੀ ਮਾਤਰਾ ਫ਼ਸਲ ਦੀ ਬਿਜਾਈ ਸਮੇਂ ਪਾ ਦਿਉ। ਹਲਕੀਆਂ ਮੈਰਾ ਜ਼ਮੀਨਾਂ ਵਿੱਚ ਯੂਰੀਆ ਦੀ ਵਰਤੋਂ ਦੋ ਹਿੱਸਿਆਂ ਵਿੱਚ-ਅੱਧੀ (25 ਕਿਲੋ) ਬਿਜਾਈ ਸਮੇਂ ਅਤੇ ਅੱਧੀ (25 ਕਿਲੋ) ਬਿਜਾਈ ਤੋਂ ਲਗਭਗ ਇੱਕ ਮਹੀਨੇ ਬਾਅਦ ਸਿੰਚਾਈ ਤੋਂ ਬਾਅਦ ਪਾ ਦਿਉ। ਪੋਟਾਸ਼ੀਅਮ ਦੀ ਘਾਟ ਵਾਲੇ ਇਲਾਕਿਆਂ ਲਈ 40 ਕਿਲੋ ਮਿਉਰੇਟ ਆਫ ਪੋਟਾਸ਼ ਪ੍ਰਤੀ ਏਕੜ ਦੀ ਵਰਤੋਂ ਦੀ ਸਿਫ਼ਾਰਸ਼ ਹੈ। ਜੇਕਰ ਆਲੂਆਂ ਦੀ ਫ਼ਸਲ ਨੂੰ 40 ਟਨ ਪ੍ਰਤੀ ਏਕੜ ਅਤੇ ਸਿਫ਼ਾਰਸ਼ ਕੀਤੀ ਗਈ ਰਸਾਇਣਕ ਖਾਦਾਂ ਦੀ ਪੂਰੀ ਮਾਤਰਾ ਵਰਤੀ ਗਈ ਹੋਵੇ ਤਾਂ ਆਲੂਆਂ ਤੋਂ ਬਾਅਦ ਬੀਜੀ ਗਈ ਸੂਰਜਮੁਖੀ ਦੀ ਫ਼ਸਲ ਨੂੰ ਕੋਈ ਖਾਦ ਪਾਉਣ ਦੀ ਲੋੜ ਨਹੀਂ। ਜੇਕਰ ਆਲੂਆਂ ਦੀ ਫ਼ਸਲ ਵਿੱਚ 20 ਟਨ ਰੂੜੀ ਪ੍ਰਤੀ ਏਕੜ ਅਤੇ ਸਿਫ਼ਾਰਸ਼ ਕੀਤੀ ਰਸਾਇਣਕ ਖਾਦਾਂ ਦੀ ਪੂਰੀ ਮਾਤਰਾ ਵਰਤੀ ਗਈ ਹੋਵੇ ਤਾਂ ਵੀ ਬਿਜਾਈ ਸਮੇਂ ਸੂਰਜਮੁਖੀ ਨੂੰ ਫਾਸਫੋਰਸ ਅਤੇ ਪੋਟਾਸ਼ੀਅਮ ਖਾਦ ਪਾਉਣ ਦੀ ਲੋੜ ਨਹੀਂ ਅਤੇ ਸਿਰਫ਼ 25 ਕਿਲੋ ਯੂਰੀਆ ਪ੍ਰਤੀ ਏਕੜ ਹੀ ਪਾਉ।

**ਨਦੀਨਾਂ ਦੀ ਰੋਕਥਾਮ ਅਤੇ ਮਿੱਟੀ ਚੜ੍ਹਾਉਣਾ** : ਪਹਿਲੀ ਗੋਡੀ ਬੀਜ ਉੱਗਣ ਤੋਂ 2-3 ਹਫ਼ਤੇ ਅਤੇ ਦੂਜੀ ਗੋਡੀ, ਜੇਕਰ ਲੋੜ ਪਵੇ ਤਾਂ ਉਸ ਤੋਂ 3 ਹਫ਼ਤੇ ਪਿੱਛੋਂ ਕਰੋ। ਫ਼ਸਲ ਨੂੰ ਡਿੱਗਣ ਤੋਂ ਬਚਾਉਣ ਲਈ ਬੂਟਿਆਂ ਨਾਲ ਮਿੱਟੀ ਚੜ੍ਹਾਉਣੀ ਚਾਹੀਦੀ ਹੈ, ਭਾਵੇਂ ਫ਼ਸਲ ਪੱਧਰੀ ਜਾਂ ਵੱਟਾਂ ਤੇ ਬੀਜੀ ਹੋਵੇ। ਇਹ ਕੰਮ ਫੁੱਲ ਨਿਕਲਣ ਤੋਂ ਪਹਿਲਾਂ ਕਰੋ ਜਦੋਂ ਫ਼ਸਲ 60-70 ਸੈਂਟੀਮੀਟਰ ਉੱਚੀ ਹੋਵੇ, ਕਰ ਲਉ।

**ਉੱਨਤ ਕਿਸਮਾਂ** : ਸੂਰਜਮੁਖੀ ਦੀਆਂ ਸਿਫ਼ਾਰਸ਼ ਕੀਤੀਆਂ ਦੋਗਲੀਆਂ ਕਿਸਮਾਂ ਦੇ ਪ੍ਰਮੁੱਖ ਗੁਣ

| ਦੋਗਲੀ ਕਿਸਮ | ਔਸਤ ਝਾੜ (ਕੁਇੰਟਲ/ ਏਕੜ) | ਤੇਲ ਦੀ ਮਾਤਰਾ (%) (ਸੈਂਟੀਮੀਟਰ) | ਬੂਟੇ ਦੀ ਲੰਬਾਈ | ਪੱਕਣ ਲਈ ਸਮਾਂ (ਦਿਨ) |
|---|---|---|---|---|
| ਪੀ ਐਸ ਐਚ 2080 | 9.8 | 43.7 | 151 | 97 |
| ਪੀ ਐਸ ਐਚ 1962 | 8.2 | 41.9 | 165 | 99 |
| ਪੀ ਐਸ ਐਚ 996 | 7.8 | 35.8 | 141 | 96 |



**ਸਿੰਚਾਈ** : ਵੱਟਾਂ ਤੋਂ ਬੀਜੀ ਫ਼ਸਲ ਨੂੰ ਪਹਿਲਾ ਪਾਣੀ ਬਿਜਾਈ ਤੋਂ 2-4 ਦਿਨਾਂ ਮਗਰੋਂ ਅਤੇ ਦੂਜਾ ਲਗਭਗ ਇੱਕ ਮਹੀਨੇ ਬਾਅਦ ਲਗਾਉ। ਸਿੱਧੀ ਬਿਜੀ ਫ਼ਸਲ ਨੂੰ ਪਹਿਲਾ ਪਾਣੀ ਬਿਜਾਈ ਤੋਂ ਇੱਕ ਮਹੀਨੇ ਬਾਅਦ ਦਿਉ। ਮਾਰਚ ਦੇ ਮਹੀਨੇ ਵਿੱਚ 2 ਹਫ਼ਤਿਆਂ ਦੇ ਵਕਫ਼ੇ ਤੇ ਅਤੇ ਅਪ੍ਰੈਲ-ਮਈ ਦੇ ਮਹੀਨੇ ਵਿੱਚ 8-10 ਦਿਨਾਂ ਦੇ ਵਕਫ਼ੇ ਤੇ ਸਿੰਚਾਈ ਕਰੋ। ਫ਼ਸਲ ਨੂੰ 50 ਪ੍ਰਤੀਸ਼ਤ ਫੁੱਲ ਪੈਣ ਸਮੇਂ, ਦਾਣੇ ਬਣਨ ਸਮੇਂ ਅਤੇ ਦਾਣਿਆਂ ਦੇ ਨਰਮ ਅਤੇ ਸਖ਼ਤ ਦੋਧੇ ਹੋਣ ਦੀ ਅਵਸਥਾ ਤੇ ਸਿੰਚਾਈ ਜ਼ਰੂਰ ਕਰਨੀ ਚਾਹੀਦੀ ਹੈ। ਅਖੀਰਲੀ ਸਿੰਚਾਈ ਫ਼ਸਲ ਵੱਢਣ ਤੋਂ ਲਗਭਗ ਦੋ ਹਫ਼ਤੇ ਪਹਿਲਾਂ ਕਰੋ।



# ਕਿਸਾਨਾਂ ਲਈ ਜਨਵਰੀ ਦਾ ਮਹੀਨਾ

ਜਨਵਰੀ ਵਿੱਚ ਠੰਡ ਆਪਣੇ ਪੂਰੇ ਜੋਬਨ ਵਿੱਚ ਹੁੰਦੀ ਹੈ। ਜੇਕਰ ਬਾਰਸ਼ ਨਾ ਹੋਈ ਹੋਵੇ ਤਾਂ ਫ਼ਸਲਾਂ ਨੂੰ ਪਾਣੀ ਜ਼ਰੂਰ ਦੇ ਦੇਵੋ। ਉਸ ਨਾਲ ਕੋਰੇ ਦਾ ਅਸਰ ਘੱਟ ਜਾਂਦਾ ਹੈ। ਜਦੋਂ ਸਿੰਚਾਈ ਦੀਆਂ ਵਧੀਆਂ ਸਹੂਲਤਾਂ ਨਹੀਂ ਸਨ ਤਾਂ ਆਖਿਆ ਜਾਂਦਾ ਸੀ -

''ਮੀਂਹ ਨਾ ਪਿਆ ਲੋਹੜੀ ਤਾਂ ਹਾੜ੍ਹੀ ਲਾਗੂ ਥੋਹੜੀ''

ਇਹ ਮਹੀਨਾ ਵੀ ਰੁਝੇਵਿਆਂ ਭਰਿਆ ਹੁੰਦਾ ਹੈ। ਆਲੂ ਅਤੇ ਪਿਆਜ ਦੀ ਬਿਜਾਈ ਇਸੇ ਮਹੀਨੇ ਹੁੰਦੀ ਹੈ। ਪਤੱਝੜੀ ਰੁੱਖ ਲਗਾਉਣ ਦਾ ਇਹੋ ਮਹੀਨਾ ਹੈ। ਵਿਹਲੇ ਖੇਤਾਂ ਵਿੱਚ ਇਸ ਮਹੀਨੇ ਮੱਕੀ, ਸੂਰਜਮੁਖੀ ਜਾਂ ਮੈਥੇ ਦੀ ਬਿਜਾਈ ਵੀ ਇਸੇ ਮਹੀਨੇ ਕੀਤੀ ਜਾਂਦੀ ਹੈ। ਇਸ ਮੌਸਮ ਵਿੱਚ ਮੱਕੀ ਲਈ ਪਾਣੀ ਦੀ ਵਧੇਰੇ ਲੋੜ



ਡਾ. ਰਣਜੀਤ ਸਿੰਘ

ਪੈਂਦੀ ਹੈ। ਇਸ ਕਰਕੇ ਇਸ ਦੀ ਕਾਸ਼ਤ ਸੰਕੋਚਵੀਂ ਕਰਨੀ ਚਾਹੀਦੀ ਹੈ। ਦੁਆਬੇ ਵਿੱਚ ਦਾਣਿਆਂ ਲਈ ਅਤੇ ਮਾਲਵੇ ਵਿੱਚ ਚਾਰੇ ਲਈ ਮੱਕੀ ਦੀ ਕਾਸ਼ਤ ਚੋਖੇ ਰਕਬੇ ਵਿੱਚ ਹੋ ਰਹੀ ਹੈ। ਬਹਾਰ ਰੁੱਤ ਦੀ ਮੱਕੀ ਲਈ ਪੀ 1844, ਪੀ ਐਮ ਐਚ 10, ਡੀ ਕੇ ਸੀ 9108 ਅਤੇ ਪੀ ਐਮ ਐਚ 8 ਕਿਸਮ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਤੋਂ 32 ਕੁਇੰਟਲ ਪ੍ਰਤੀ ਏਕੜ ਤੱਕ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਸੂਰਜਮੁਖੀ ਹੇਠ ਰਕਬਾ ਬਹੁਤ ਘੱਟ ਗਿਆ ਹੈ। ਪਿਛਲੇ ਸਾਲ ਮਸਾਂ ਇੱਕ ਹਜ਼ਾਰ ਹੈਕਟੇਅਰ ਵਿੱਚ ਕੀਤੀ ਗਈ ਸੀ। ਪੀ ਐਸ ਐਚ 2080, ਪੀ ਐਸ ਐਚ 1962, ਡੀ ਕੇ 3849 ਅਤੇ ਪੀ ਐਸ ਐਚ 996 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਹ ਸਾਰੀਆਂ ਦੋਗਲੀਆਂ ਕਿਸਮਾਂ ਹਨ। ਪੀ ਐਸ ਐਚ 2080 ਕਿਸਮ ਤੋਂ ਕੋਈ 10 ਕੁਇੰਟਲ ਝਾੜ ਪ੍ਰਤੀ ਏਕੜ ਪ੍ਰਾਪਤ ਹੋ ਸਕਦਾ ਹੈ। ਮੈਥਾ ਇੱਕ ਹੋਰ ਫ਼ਸਲ ਹੈ ਜਿਸ ਦੀ ਲੁਆਈ ਜਨਵਰੀ ਦੇ ਦੂਜੇ ਅੱਧ ਵਿੱਚ ਕੀਤੀ ਜਾਂਦੀ ਹੈ। ਸਿਮ-ਉੱਨਤੀ, ਸਿਮ-




ਕ੍ਰਾਂਤੀ, ਕੋਸੀ ਅਤੇ ਪੰਜਾਬ ਸਪੀਅਰਮਿੰਟ 1 ਕੁੱਝ ਉੱਨਤ ਕਿਸਮਾਂ ਹਨ।

ਆਲੂ ਇੱਕ ਰੋਕੜੀ ਸਬਜ਼ੀ ਹੈ ਜਿਸ ਹੇਠ ਸਬਜ਼ੀਆਂ ਵਿੱਚੋਂ ਪੰਜਾਬ ਵਿੱਚ ਸਭ ਤੋਂ ਵੱਧ ਰਕਬਾ ਹੈ। ਇਨ੍ਹਾਂ ਦੀ ਕਾਸ਼ਤ ਕੋਈ ਇੱਕ ਲੱਖ ਹੈਕਟੇਅਰ ਧਰਤੀ ਵਿੱਚ ਕੀਤੀ ਜਾਂਦੀ ਹੈ। ਇਸ ਫ਼ਸਲ ਦੀ ਸਫ਼ਲਤਾ ਬੀਜ ਉੱਤੇ ਨਿਰਭਰ ਕਰਦੀ ਹੈ। ਇਸ ਕਰਕੇ ਸਿਫ਼ਾਰਸ਼ ਕੀਤੀ ਕਿਸਮ ਦੇ ਵਧੀਆ ਬੀਜ ਦਾ ਪਹਿਲਾਂ ਹੀ ਪ੍ਰਬੰਧ ਕਰ ਲੈਣਾ ਜ਼ਰੂਰੀ ਹੈ। ਜੇਕਰ ਬਹੁਤੇ ਰਕਬੇ ਵਿੱਚ ਕਾਸ਼ਤ ਕਰਨੀ ਹੈ ਤਾਂ ਕੁੱਝ ਅਗੇਤੀਆਂ ਤੇ ਕੁੱਝ ਪਿਛੇਤੀਆਂ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਪੰਜਾਬ ਵਿੱਚ ਕੁਫ਼ਰੀ ਸੂਰਯਾ, ਕੁਫ਼ਰੀ ਚੰਦਰਮੁਖੀ, ਕੁਫ਼ਰੀ ਅਸ਼ੋਕਾ, ਕੁਫ਼ਰੀ ਪੁਖਰਾਜ ਅਗੇਤੀਆਂ ਕਿਸਮਾਂ ਹਨ। ਜਯੋਤੀ ਤੇ ਕੁਫ਼ਰੀ ਪੁਸ਼ਕਰ ਅਤੇ ਕੁਫ਼ਰੀ ਬਹਾਰ ਮੁੱਖ ਮੌਸਮ ਦੀਆਂ ਕਿਸਮਾਂ ਹਨ ਜਦੋਂ ਕਿ ਕੁਫ਼ਰੀ ਸੰਧੂਰੀ, ਤੇ ਕੁਫ਼ਰੀ ਬਾਦਸ਼ਾਹ ਪਿਛੇਤੀਆਂ ਕਿਸਮਾਂ ਹਨ। ਇਨ੍ਹਾਂ ਤੋਂ ਇਲਾਵਾ ਕੁਫ਼ਰੀ ਚਿਪਸੋਨਾ-1, ਕੁਫ਼ਰੀ ਚਿਪਸੋਨਾ-3 ਅਤੇ ਕੁਫ਼ਰੀ ਫਰਾਈਸੋਨਾ ਕਿਸਮਾਂ ਦੀ ਵੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਕਿਸਮਾਂ ਦੇ ਆਲੂਆਂ ਨੂੰ ਚਿਪਸ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ। ਹੁਣ ਪੁੱਟਿਆ ਜਾ ਰਿਹਾ ਆਲੂ ਵੀ ਬੀਜ ਲਈ ਵਰਤਿਆ ਜਾ ਸਕਦਾ ਹੈ ਪਰ ਇਸ ਦੀ ਨੀਂਦ ਤੋੜਨੀ ਚਾਹੀਦੀ ਹੈ। ਇਹ ਨੀਂਦ ਤੋੜਣ ਲਈ ਕੱਟੇ ਹੋਏ ਆਲੂਆਂ ਨੂੰ 1% (10 ਗ੍ਰਾਮ) ਥਾਇਉਯੂਰੀਆ ਅਤੇ ਇੱਕ ਮਿਲੀਗ੍ਰਾਮ ਪ੍ਰਤੀ ਲਿਟਰ ਯਿਬਰੈਲਿਕ ਏਸਿਡ ਦੇ ਘੋਲ ਵਿੱਚ ਇੱਕ ਘੰਟੇ ਲਈ ਡੁਬੋ ਕੇ ਰੱਖੋ। ਇਨ੍ਹਾਂ ਆਲੂਆਂ ਨੂੰ 24 ਘੰਟੇ ਛਾਂਵੇ ਖਿਲਾਰ ਕੇ ਸੁਕਾਇਆ ਜਾਵੇ। ਆਲੂਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਬੀਜ ਵਾਲੇ ਆਲੂਆਂ ਨੂੰ ਮੋਨਸਰਨ 2.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਘੋਲ ਵਿੱਚ 10 ਮਿੰਟ ਤਾਂਈ ਡੁਬੋ ਕੇ ਰੱਖੋ। ਖੇਤ ਤਿਆਰ ਕਰਨ ਤੋਂ ਪਹਿਲਾਂ 20 ਟਨ ਰੂੜੀ ਪਾਈ ਜਾਵੇ। ਬਿਜਾਈ ਸਮੇਂ 80 ਕਿਲੋ ਯੂਰੀਆ, 155 ਕਿਲੋ ਸੁਪਰਫ਼ਾਸਫ਼ੇਟ ਅਤੇ 40 ਕਿਲੋ ਮਿਉਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਡ੍ਰਿਲ ਕੀਤੀ ਜਾਵੇ। ਇਤਨਾ ਹੀ ਯੂਰੀਆ ਮਿੱਟੀ ਚਾੜ੍ਹਣ ਸਮੇਂ ਪਾਇਆ ਜਾਵੇ। ਰੂੜ੍ਹੀ ਜਾਂ ਹਰੀ ਖਾਦ ਦੀ ਵਰਤੋਂ ਜ਼ਰੂਰੀ ਹੈ। ਇੱਕ ਏਕੜ ਵਿੱਚ ਕੋਈ 15 ਕੁਇੰਟਲ ਬੀਜ ਪੈਂਦਾ ਹੈ। ਬਿਜਾਈ ਪਲਾਂਟਰ ਨਾਲ ਵੀ ਕੀਤੀ ਜਾ ਸਕਦੀ ਹੈ। ਬਿਜਾਈ ਤੋਂ ਪਹਿਲਾਂ ਖੇਤ ਵਿੱਚ ਲਾਈਨਾਂ ਲਗਾਈਆਂ ਜਾਣ। ਲਾਈਨਾਂ ਵਿਚਕਾਰ 60 ਅਤੇ ਬੂਟਿਆਂ ਵਿਚਕਾਰ 20 ਸੈ. ਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਮਹੀਨੇ ਪਿੱਛੋਂ ਮੁੜ ਮਿੱਟੀ ਚਾੜ੍ਹੀ ਜਾਵੇ। ਬਿਜਾਈ ਕਰਨ ਤੋਂ ਤੁਰੰਤ ਪਿੱਛੋਂ ਪਹਿਲਾ ਪਾਣੀ ਦਿੱਤਾ ਜਾਵੇ। ਪਾਣੀ ਲਾਉਂਦੇ ਸਮੇਂ ਧਿਆਨ ਰੱਖੋ ਕਿ ਪਾਣੀ ਵੱਟਾਂ ਦੇ ਉੱਤੋਂ ਦੀ ਨਾ ਲੰਘੇ। ਇਸ ਕਰਕੇ ਹਲਕਾ ਪਾਣੀ ਦੇਣਾ ਚਾਹੀਦਾ ਹੈ। ਅਗੇਤੀਆਂ ਕਿਸਮਾਂ ਤਿੰਨ ਮਹੀਨਿਆਂ ਵਿੱਚ ਤਿਆਰ ਹੋ ਜਾਂਦੀਆਂ ਹਨ, ਜਦੋਂ ਕਿ ਦੂਜੀਆਂ ਕਿਸਮਾਂ 10-15 ਦਿਨ ਵੱਧ ਲੈਂਦੀਆਂ ਹਨ। ਆਲੂ ਬੀਜਣ ਸਮੇਂ ਕਨਸ਼ੋਰਮੀਅਮ ਜੈਵਿਕ ਖਾਦ ਚਾਰ ਕਿਲੋ ਪ੍ਰਤੀ ਏਕੜ ਮਿੱਟੀ ਵਿੱਚ ਰਲਾ ਕੇ ਪਾਉਣੀ ਚਾਹੀਦੀ ਹੈ। ਖੇਤ ਵਿੱਚ 25 ਕੁਇੰਟਲ ਪ੍ਰਤੀ ਏਕੜ ਪਰਾਲੀ ਵਿਛਾਉਣ ਨਾਲ ਯੂਰੀਏ ਦੀ ਮਾਤਰਾ ਘੱਟ ਕੀਤੀ ਜਾ ਸਕਦੀ ਹੈ।

ਆਲੂਆਂ ਵਾਂਗ ਪਿਆਜ਼ ਵੀ ਇੱਕ ਹੋਰ ਰੋਕੜੀ ਫ਼ਸਲ ਹੈ ਜਿਨ੍ਹਾਂ ਦੀ ਵਰਤੋਂ ਸਾਰੀਆਂ ਸਬਜ਼ੀਆਂ ਵਿੱਚ ਕੀਤੀ ਜਾਂਦੀ ਹੈ। ਪਿਆਜ਼ ਦਾ ਝਾੜ ਵੀ ਆਲੂਆਂ ਦੇ ਬਰਾਬਰ ਹੀ ਹੈ ਪਰ ਖਰਚਾ ਘੱਟ ਆਉਂਦਾ ਹੈ, ਮਿਹਨਤ ਵੀ ਘੱਟ ਕਰਨੀ ਪੈਂਦੀ ਹੈ। ਇਸ ਦੇ ਨਾਲ ਹੀ ਪਿਆਜ਼ ਦੀ ਕੀਮਤ ਆਲੂਆਂ ਤੋਂ ਹਮੇਸ਼ਾ ਵੱਧ ਹੀ ਰਹਿੰਦੀ ਹੈ। ਪਰ ਪਿਆਜ਼ ਹੇਠ ਮਸਾਂ 8 ਕੁ ਹਜ਼ਾਰ ਹੈਕਟਰ ਧਰਤੀ ਹੀ ਹੈ। ਇਸ ਵਾਰ ਕੁੱਝ ਰਕਬੇ ਵਿੱਚ ਪਿਆਜ਼ ਜ਼ਰੂਰ ਲਗਾਉਣੇ ਚਾਹੀਦੇ ਹਨ। ਜੇਕਰ ਪਨੀਰੀ ਤਿਆਰ ਹੈ ਤਾਂ ਇਸ ਨੂੰ ਪੁੱਟ ਕੇ ਹੁਣ ਖੇਤ ਵਿੱਚ ਲਗਾਇਆ ਜਾ ਸਕਦਾ ਹੈ। ਪੰਜਾਬ ਵਿੱਚ ਕਾਸ਼ਤ ਲਈ ਪੀ ਆਰ ਓ-6, ਪੰਜਾਬ ਵਾਈਟ ਅਤੇ ਪੰਜਾਬ ਨਰੋਆ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਜੇਕਰ ਆਪ ਪਨੀਰੀ ਤਿਆਰ ਨਹੀਂ ਕੀਤੀ ਤਾਂ ਕਿਸੇ ਭਰੋਸੇਯੋਗ ਵਸੀਲੇ ਤੋਂ ਢੁੱਕਵੀਂ

ਬਾਕੀ ਸਫ਼ਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 44 ਅੰਕ 01**
**ਮਿਤੀ 03-01-2026**

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਮਿਲਾਵਟਖੋਰੀ ਅਤੇ ਮੁਨਾਫਾਖੋਰੀ ਨੂੰ ਰੋਕ ਸਕੋ ਤਾਂ ਜਾਣੋ!

**ਅੱਕੂ ਸ਼੍ਰੀਵਾਸਤਵ**

ਦੇਸ਼ ਵਿੱਚ ਮਿਲਾਵਟਖੋਰੀ ਅਤੇ ਮੁਨਾਫਾਖੋਰੀ ਆਮ ਹੋ ਗਈ ਹੈ। ਅੱਜ ਤੋਂ ਨਹੀਂ ਹੈ ਇਹ। ਆਜ਼ਾਦੀ ਤੋਂ ਬਾਅਦ ਇਸ ਵਿੱਚ ਕੋਈ ਸੁਧਾਰ ਨਹੀਂ ਹੋਇਆ। ਇਮਾਨਦਾਰੀ ਹੁਣ ਕੋਈ ਪੈਮਾਨਾ ਨਹੀਂ ਹੈ। ਕੌਣ ਕਿੱਥੇ, ਕਿੰਨਾ, ਕਿਸ ਨੂੰ ਨੋਚ ਸਕਦਾ ਹੈ, ਇਹ ਆਮ ਪੈਮਾਨਾ ਹੈ। ਅੱਜ ਤੋਂ 4-5 ਦਹਾਕੇ ਪਹਿਲਾਂ ਕਿਹਾ ਜਾਂਦਾ ਸੀ - ਤਨਖਾਹ ਤਾਂ ਠੀਕ ਹੈ, ਇਨਕਮ ਕਿੰਨੀ ਹੈ। ਅੱਜ ਇਨਕਮ ਦੀ ਗੱਲ ਵੱਧ ਹੁੰਦੀ ਹੈ। ਸਿਰਫ਼ ਸਰਕਾਰੀ ਨੌਕਰੀ ਵਿੱਚ ਹੀ ਨਹੀਂ, ਵਪਾਰ ਵਿੱਚ ਹੋਰ ਵੀ ਵੱਧ। ਇਹ ਸਮੱਸਿਆ ਸਮਾਜ ਦੇ ਚਰਿੱਤਰ ਦੇ ਪਤਨ ਦੇ ਗੰਭੀਰ ਸੰਕੇਤ ਦਿੰਦੀ ਹੈ।

ਸਰਦ ਰੁੱਤ ਦੇ ਸੈਸ਼ਨ ਵਿੱਚ ਰਾਜ ਸਭਾ ਵਿੱਚ ਕੀਤੇ ਗਏ ਸਰਕਾਰੀ ਅੰਕੜਿਆਂ ਅਨੁਸਾਰ, ਪਿਛਲੇ ਪੰਜ ਸਮਿਆਂ ਵਿੱਚ ਜਿੰਨੀਆਂ ਵੀ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਸੈਂਪਲਾਂ ਦੀ ਜਾਂਚ ਕੀਤੀ ਗਈ, ਉਨ੍ਹਾਂ ਵਿੱਚ ਹਰ ਪੰਜਵੇਂ ਸੈਂਪਲ ਵਿੱਚ ਮਿਲਾਵਟ ਫੜੀ ਗਈ। ਕੁੱਲ 1.7 ਲੱਖ ਤੋਂ ਵੱਧ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਸੈਂਪਲ ਅਸੁਰੱਖਿਅਤ ਪਾਏ ਗਏ। ਖੁਰਾਕ ਸੁਰੱਖਿਆ ਯਕੀਨੀ ਬਣਾਉਣਾ ਕੇਂਦਰ ਅਤੇ ਸੂਬਾ ਦੋਵਾਂ ਦੀ ਜ਼ਿੰਮੇਵਾਰੀ ਹੈ। ਭਾਰਤ ਵਿੱਚ ਮਿਲਾਵਟਖੋਰੀ ਰੋਕਣ ਲਈ ਬਹੁਪੱਧਰੀ ਵਿਵਸਥਾ ਹੈ। ਇਸ ਵਿੱਚ ਭਾਰਤੀ ਖੁਰਾਕ ਸੁਰੱਖਿਆ ਅਤੇ ਮਾਪਦੰਡ ਅਥਾਰਟੀ (ਐੱਫ. ਐੱਸ. ਐੱਸ. ਏ. ਆਈ.) ਪ੍ਰਮੁੱਖ ਹੈ। ਇਹ ਮਨੁੱਖੀ ਵਰਤੋਂ ਲਈ ਸੁਰੱਖਿਅਤ ਭੋਜਨ ਯਕੀਨੀ ਬਣਾਉਣ ਲਈ ਮਾਪਦੰਡ ਬਣਾਉਂਦੀ ਹੈ। ਲਾਇਸੈਂਸਿੰਗ ਅਤੇ ਰਜਿਸਟ੍ਰੇਸ਼ਨ ਰਾਹੀਂ ਖੁਰਾਕ ਸੰਬੰਧੀ ਕਾਰੋਬਾਰਾਂ ਦੀ ਰੈਗੂਲੇਸ਼ਨ ਇਹੀ ਕਰਦੀ ਹੈ।



ਖੁਰਾਕ ਸੁਰੱਖਿਆ ਅਤੇ ਮਾਪਦੰਡ ਕਾਨੂੰਨ-2006 ਐੱਫ. ਐੱਸ. ਐੱਸ. ਏ. ਆਈ. ਨੂੰ ਮਿਲਾਵਟ ਨੂੰ ਕਾਬੂ ਕਰਨ ਦੀਆਂ ਸ਼ਕਤੀਆਂ ਦਿੰਦਾ ਹੈ। ਇਸ ਦੇ ਇਲਾਵਾ ਖਪਤਕਾਰ ਸੁਰੱਖਿਆ ਕਾਨੂੰਨ-2019 ਤਹਿਤ ਖਪਤਕਾਰਾਂ ਨੂੰ ਵੀ ਮਿਲਾਵਟ ਦੇ ਵਿਰੁੱਧ ਸ਼ਿਕਾਇਤ ਕਰਨ ਅਤੇ ਮੁਆਵਜ਼ੇ ਦਾ ਦਾਅਵਾ ਕਰਨ ਦਾ ਅਧਿਕਾਰ ਹੈ। ਭਾਰਤੀ ਦੰਡਾਵਲੀ (ਆਈ. ਪੀ. ਸੀ.) ਦੀ ਧਾਰਾ 272 ਅਤੇ 273 ਵਿੱਚ ਖੁਰਾਕੀ ਪਦਾਰਥਾਂ ਵਿੱਚ ਮਿਲਾਵਟ ਲਈ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ।

ਪਰ ਇਹ ਸਭ ਵਿਵਸਥਾ ਕਾਗਜ਼ਾਂ 'ਤੇ ਹੈ ਜਿਸ 'ਤੇ ਅਫਸਰਸ਼ਾਹੀ ਘੱਟਦੀ ਮੋਟੀ ਪਰਤ ਵਾਂਗ ਸਵਾਰ ਹੈ। ਲਾਇਸੈਂਸਿੰਗ ਅਤੇ ਜਾਂਚ ਦੇ ਕੰਮ ਅਕਸਰ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਡੁੱਬ ਜਾਂਦੇ ਹਨ ਅਤੇ ਆਮ ਲੋਕਾਂ ਨੂੰ ਮਿਲਾਵਟਖੋਰੀ ਦਾ ਸ਼ਿਕਾਰ ਬਣ ਕੇ ਗੰਭੀਰ ਬੀਮਾਰੀਆਂ ਨਾਲ ਪੀੜਤ ਹੋਣ ਲਈ ਛੱਡ ਦਿੱਤਾ ਜਾਂਦਾ ਹੈ। ਖੁਰਾਕੀ ਪਦਾਰਥਾਂ ਦੀ ਜਾਂਚ ਸਾਡੇ ਦੇਸ਼ ਵਿੱਚ ਅਕਸਰ ਦੀਵਾਲੀ ਤੇ ਸੂਬਿਆਂ ਵਿੱਚ ਕੁੱਝ ਪ੍ਰਮੁੱਖ ਤਿਉਹਾਰਾਂ ਤੋਂ ਪਹਿਲਾਂ ਹੋਣ ਵਾਲੀ ਸਾਲਾਨਾ ਕਮਾਈ ਦਾ ਉਤਸਵ ਭਰ ਹੁੰਦੀ ਹੈ। ਥੋੜ੍ਹਾ-ਬਹੁਤਾ ਮਿਲਾਵਟੀ ਖੋਆ, ਗੰਦੀਆਂ ਰਸੋਈਆਂ ਵਿੱਚ ਪੱਕ ਰਹੇ ਪਕਵਾਨਾਂ ਨੂੰ ਸੁੱਟਦੇ-ਉਲਟਦੇ ਹਨ। ਇਸ ਦਹਿਸ਼ਤ ਰਾਹੀਂ ਵਸੂਲੀ ਵੱਧ ਹੁੰਦੀ ਹੈ ਅਤੇ ਮਿਲਾਵਟਖੋਰੀ ਦੇ ਮਾਮਲੇ ਘੱਟ ਦਰਜ ਕੀਤੇ ਜਾਂਦੇ ਹਨ।

ਇਹੀ ਕਾਰਨ ਹੈ ਕਿ ਦੇਸ਼ ਵਿੱਚ ਜ਼ਹਿਰੀਲੀਆਂ ਦਵਾਈਆਂ ਨਾਲ ਬੱਚੇ ਮਾਰੇ ਜਾਂਦੇ ਹਨ, ਲੋਕਾਂ ਦੀਆਂ ਕਿਡਨੀਆਂ ਫੇਲ ਹੋ ਜਾਂਦੀਆਂ ਹਨ, ਲੀਵਰ ਖਰਾਬ ਹੋ ਜਾਂਦਾ ਹੈ, ਉਨ੍ਹਾਂ ਦੀ ਬਾਕੀ ਦੀ ਜ਼ਿੰਦਗੀ ਨਰਕ ਹੋ ਜਾਂਦੀ ਹੈ ਪਰ ਨੇਤਾ ਅਤੇ ਅਧਿਕਾਰੀਆਂ ਦੀ ਸ਼ਹਿ ਵਿੱਚ ਮਿਲਾਵਟ ਦਾ ਧੰਦਾ ਬਾਦਸਤੂਰ ਜਾਰੀ ਰਹਿੰਦਾ ਹੈ। ਕੋਈ ਥੋੜ੍ਹੇ-ਬਹੁਤੇ ਮਾਮਲੇ ਨਾਟਕੀ ਢੰਗ ਨਾਲ ਫੜੇ ਵੀ ਜਾਂਦੇ ਹਨ।

ਬੀਤੀ 18 ਅਕਤੂਬਰ ਨੂੰ ਉੱਤਰ ਪ੍ਰਦੇਸ਼ ਦੇ ਸੋਨ ਭੱਦਰ ਵਿੱਚ ਪੁਲਸ ਨੇ ਇੱਕ ਟਰੱਕ ਫੜਿਆ, ਜਿਸ ਵਿੱਚ ਚਿਪਸ ਅਤੇ ਨਮਕੀਨ ਦੇ ਪੈਕਟਾਂ ਵਿੱਚ ਕੋਡੀਨ ਵਾਲੇ ਸਿਰਪ ਦੀਆਂ ਸ਼ੀਸ਼ੀਆਂ ਲੁਕੋ ਕੇ ਸਪਲਾਈ ਕੀਤੀਆਂ ਜਾ ਰਹੀਆਂ ਸਨ। ਬਾਅਦ ਵਿੱਚ ਖੁਰਾਕ ਅਤੇ ਦਵਾਈ ਪ੍ਰਸ਼ਾਸਨ ਵਿਭਾਗ ਦੇ ਸਕੱਤਰ ਰੋਸ਼ਨ ਜੈਕਿਬ ਨੇ ਮੀਡੀਆ ਨੂੰ ਦੱਸਿਆ ਕਿ ਇਹ ਸਿਰਫ਼ ਦਵਾਈ ਨਹੀਂ ਹੈ ਸਗੋਂ ਨਸ਼ੇ ਦੇ ਰੂਪ ਵਿੱਚ ਵੇਚੀ ਜਾ ਰਹੀ ਸੀ। ਜਾਂਚ ਲਈ ਐੱਸ. ਆਈ. ਟੀ. ਦਾ ਗਠਨ ਕੀਤਾ ਗਿਆ। ਹਿਮਾਚਲ ਪ੍ਰਦੇਸ਼, ਉਤਰਾਖੰਡ, ਹਰਿਆਣਾ ਅਤੇ ਝਾਰਖੰਡ ਦੇ ਲਈ ਨਿਰਮਾਤਾ ਕੰਪਨੀਆਂ ਦੇ ਡਿਪੂਆਂ ਦੀ ਜਾਂਚ ਕੀਤੀ ਗਈ।

279 ਸੰਸਥਾਵਾਂ ਦਾ ਨਿਰੀਖਣ ਕੀਤਾ ਗਿਆ। 32 ਮੁਲਾਜ਼ਮ (ਇਹ ਗਿਣਤੀ ਹੋਰ ਵੱਧ ਸਕਦੀ ਹੈ) ਗ੍ਰਿਫਤਾਰ ਕੀਤੇ ਗਏ। ਐੱਸ. ਟੀ. ਐੱਫ. ਨੇ ਅਮਿਤ ਸਿੰਘ ਟਾਟਾ ਨੂੰ ਗ੍ਰਿਫਤਾਰ ਕੀਤਾ, ਜਿਸ ਨੂੰ ਮੀਡੀਆ ਵਿੱਚ ਸਾਬਕਾ ਸੰਸਦ ਮੈਂਬਰ ਧਨੰਜਯ ਸਿੰਘ ਦਾ ਕਰੀਬੀ ਵੀ ਦੱਸਿਆ ਗਿਆ। ਇਸ 'ਤੇ ਧਨੰਜਯ ਨੂੰ ਸਫਾਈ ਵੀ ਦੇਣੀ ਪਈ।

4 ਨਵੰਬਰ ਨੂੰ ਸੋਨਭੱਦਰ ਪੁਲਸ ਨੇ ਗਾਜ਼ੀਆਬਾਦ ਪੁਲਸ ਨਾਲ ਸ਼ਹਿਰ ਦੇ ਮੱਛੀ ਗੋਦਾਮ ਕੰਪਲੈਕਸ ਤੋਂ ਕੋਡੀਨ ਵਾਲੇ ਕਫ ਸਿਰਪ ਦੀਆਂ ਡੇਢ ਲੱਖ ਸ਼ੀਸ਼ੀਆਂ ਬਰਾਮਦ ਕੀਤੀਆਂ। ਕੋਡੀਨ ਅਫੀਮ ਨਾਲ ਬਣਨ ਵਾਲੀ ਇੱਕ ਨਸ਼ੀਲੀ ਦਵਾਈ ਹੈ, ਜੋ ਰਸਾਇਣਕ ਤੌਰ 'ਤੇ ਹੈਰੋਇਨ ਦੇ ਬਰਾਬਰ ਹੈ। ਮੈਡੀਕਲ ਮੈਨੂਅਲ ਅਨੁਸਾਰ ਇਸ ਦੀ ਵਰਤੋਂ ਦਰਦ ਨੂੰ ਰੋਕਣ ਵਜੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਗੈਰ-ਓਪੀਓਇਡ ਦਵਾਈਆਂ ਅਸਰ ਨਾ ਕਰ ਰਹੀਆਂ ਹੋਣ। ਕੋਡੀਨ ਯੁਕਤ ਕੋਈ ਵੀ ਦਵਾ ਬਿਨਾਂ ਡਾਕਟਰ ਦੀ ਪਰਚੀ ਦੇ ਨਹੀਂ ਦਿੱਤੀ ਜਾ ਸਕਦੀ। ਯੂਰਪੀਅਨ ਮੈਡੀਸਨ ਏਜੰਸੀ ਮੁਤਾਬਕ ਖਾਂਸੀ ਅਤੇ ਜ਼ੁਕਾਮ ਲਈ ਕੋਡੀਨ ਦੀ ਵਰਤੋਂ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੀ ਨਹੀਂ ਦਿੱਤੀ ਜਾ ਸਕਦੀ, ਜਿਨ੍ਹਾਂ ਨੂੰ ਸਾਹ ਸੰਬੰਧੀ ਕੋਈ ਸਮੱਸਿਆ ਹੋਵੇ।



ਇਸ ਤੋਂ ਪਹਿਲਾਂ ਅਕਤੂਬਰ ਮਹੀਨੇ ਵਿੱਚ ਜ਼ਹਿਰੀਲੀ ਕੋਲਡ੍ਰਿਫ ਕਫ ਸਿਰਪ ਨਾਲ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ 15 ਤੋਂ ਵੱਧ ਬੱਚਿਆਂ ਦੀਆਂ ਮੌਤਾਂ ਹੋਈਆਂ ਸਨ। ਸ੍ਰੀਸਨ ਫਾਰਮਾਸਿਊਟੀਕਲਜ਼ ਵਿੱਚ ਬਣੇ ਕੋਲਡ੍ਰਿਫ ਕਫ ਸਿਰਪ ਵਿੱਚ 48.6 ਫ਼ੀਸਦੀ ਡਾਈਥਲੀਨ ਗਲਾਈਕਾਲ ਪਾਇਆ ਗਿਆ ਸੀ। ਇਹ ਇੱਕ ਜ਼ਹਿਰੀਲਾ ਰਸਾਇਣ ਹੈ, ਜਿਸ ਨਾਲ ਕਿਡਨੀ ਫੇਲ ਹੋ ਜਾਂਦੀ ਹੈ।

14 ਅਕਤੂਬਰ ਨੂੰ ਵਿਸ਼ਵ ਸਿਹਤ ਸੰਗਠਨ (ਡਬਲਯੂ. ਐੱਚ. ਓ.) ਨੇ ਭਾਰਤ ਵਿੱਚ ਬਣ ਰਹੀਆਂ 3 ਮਿਲਾਵਟੀ ਦਵਾਈਆਂ ਦੀ ਪਛਾਣ ਕੀਤੀ ਸੀ। ਇਨ੍ਹਾਂ ਵਿੱਚ ਕੋਲਡ੍ਰਿਫ ਦੇ ਇਲਾਵਾ ਰੈਡਨੈਕਸ ਫਾਰਮਾਸਿਊਟੀਕਲ ਦਾ ਰੇਸਿਪਫ੍ਰੈਸ਼ ਟੀ. ਆਰ. ਅਤੇ ਸ਼ੇਫ ਫਾਰਮਾ ਦਾ ਰੈਲਾਈਫ ਸ਼ਾਮਲ ਸੀ। ਇਸ ਤਰ੍ਹਾਂ ਮਿਲਾਵਟਖੋਰੀ ਅਤੇ ਜ਼ਹਿਰ ਦੇ ਵਪਾਰੀਆਂ ਨੇ ਕੌਮਾਂਤਰੀ ਪੱਧਰ 'ਤੇ ਭਾਰਤ ਦੇ ਅਕਸ ਨੂੰ ਵੱਟਾ ਲਾਇਆ।

ਦੇਸ਼ ਵਿੱਚ ਮਿਲਾਵਟੀ ਖਾਣ-ਪੀਣ ਵਾਲੀਆਂ ਚੀਜ਼ਾਂ ਵੇਚਣ ਦਾ ਧੰਦਾ ਧੜੱਲੇ ਨਾਲ ਜਾਰੀ ਹੈ। ਇਸ ਤੋਂ ਹੁਣ ਛੋਲੇ ਵੀ ਨਹੀਂ ਬਚੇ। ਦੋ ਹਫ਼ਤੇ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਗੋਰਖਪੁਰ ਤੋਂ ਖੁਰਾਕ ਵਿਭਾਗ ਨੇ 30 ਟਨ ਮਿਲਾਵਟੀ ਭੁੰਨੇ ਹੋਏ ਛੋਲੇ ਜ਼ਬਤ ਕੀਤੇ। ਇਸ ਨੂੰ ਕੱਪੜਾ ਅਤੇ ਚਮੜਾ ਰੰਗਣ ਵਾਲੇ ਜ਼ਹਿਰੀਲੇ ਸਿੰਥੈਟਿਕ ਰੰਗ ਓਰਾਮਾਈਨ ਓ ਨਾਲ ਰੰਗ ਕੇ ਪੀਲਾ ਅਤੇ ਚਮਕਦਾਰ ਬਣਾਇਆ ਗਿਆ ਸੀ, ਜੋ ਆਪਣੇ ਅਤਿਆਧੁਨਿਕ ਕੈਂਸਰ ਵਾਲੇ ਗੁਣਾਂ ਕਾਰਨ ਸਿਹਤ ਲਈ ਗੰਭੀਰ ਖਤਰਾ ਪੈਦਾ ਕਰਦਾ ਹੈ। ਪਿਛਲੇ ਮਹੀਨੇ ਦਿੱਲੀ ਦੇ ਭੀੜ-ਭੜੱਕੇ ਵਾਲੇ ਬਾਜ਼ਾਰਾਂ ਵਿੱਚ ਭੁੰਨੇ ਛੋਲਿਆਂ ਦੇ 200 ਨਮੂਨਿਆਂ ਦੀ ਜਾਂਚ ਕੀਤੀ ਗਈ ਸੀ, ਇਨ੍ਹਾਂ ਵਿੱਚ 40 ਫ਼ੀਸਦੀ ਤੋਂ ਵੱਧ ਨਮੂਨਿਆਂ ਵਿੱਚ ਓਰਾਮਾਈਨ ਓ ਪਾਇਆ ਗਿਆ ਸੀ।

ਦਸੰਬਰ ਦੇ ਪਹਿਲੇ ਹਫ਼ਤੇ ਵਿੱਚ ਹੈਦਰਾਬਾਦ ਵਿੱਚ ਨਕਲੀ ਘਿਓ ਦਾ ਮਾਮਲਾ ਫੜਿਆ ਗਿਆ। ਇਸ ਮਾਮਲੇ ਵਿੱਚ 68 ਸਾਲਾ ਅੰਨਾਮਾਲੀ ਸਾਈਨਾਥਨ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਨਾਰੀਅਲ ਤੇਲ, ਪਾਮ ਆਇਲ ਅਤੇ ਡਾਲਡਾ ਵਿੱਚ ਫੂਡ ਕਲਰ ਮਿਲਾ ਕੇ ਗਾਂ ਦਾ ਨਕਲੀ ਘਿਓ ਤਿਆਰ ਕਰਦਾ ਸੀ। ਮੁਨਾਫਾਖੋਰ ਧਰਮ ਦੀ ਆੜ ਵਿੱਚ ਵੀ ਮਿਲਾਵਟ ਕਰਕੇ ਮੋਟੀ ਕਮਾਈ ਕਰਦੇ ਸਨ। ਇਹ ਸਭ ਨੇਤਾਵਾਂ ਦੀ ਸ਼ਹਿ ਨਾਲ ਹੀ ਸੰਭਵ ਹੋ ਸਕਦਾ ਹੈ। ਪਿਛਲੇ ਸਾਲ ਤਿਰੂਪਤੀ ਮੰਦਰ ਦੇ ਪ੍ਰਸ਼ਾਦ ਵਿੱਚ ਚੜ੍ਹਨ ਵਾਲੇ ਲੱਡੂਆਂ ਵਿੱਚ ਚਰਬੀ ਦੀ ਮਿਲਾਵਟ ਦੀ ਖਬਰ ਨੇ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ।

ਕਈ ਡਾਕਟਰ ਨਾਨ-ਬ੍ਰਾਂਡਿਡ ਦਵਾਈਆਂ ਦੀ ਗੁਣਵੱਤਾ ਨੂੰ ਲੈ ਕੇ ਸਵਾਲ ਉਠਾਉਂਦੇ ਰਹੇ ਹਨ। ਪਿਛਲੇ ਦਿਨੀਂ ਹਿਮਾਚਲ ਦੇ ਬੱਦੀ ਵਿੱਚ ਛਾਪਾ ਮਾਰਿਆ ਗਿਆ ਅਤੇ ਕਈ ਦਵਾਈਆਂ ਬਣਾਉਣ ਵਿੱਚ ਗੁਣਵੱਤਾ 'ਤੇ ਸਵਾਲ ਉੱਠੇ। ਅਜਿਹਾ ਹੀ ਛਾਪਾ ਹੈਦਰਾਬਾਦ ਵਿੱਚ ਵੀ ਮਾਰਿਆ ਗਿਆ। ਇੱਥੇ ਵੀ ਇਹੀ ਸਵਾਲ ਉੱਠੇ। ਦੋਵਾਂ ਹੀ ਥਾਵਾਂ 'ਤੇ ਵੱਡੇ ਦਵਾਈਆਂ ਦੇ ਨਿਰਮਾਣ ਕੇਂਦਰ ਹਨ। ਮੁਨਾਫਾਖੋਰੀ ਦੀ ਇਸ ਖੇਡ ਵਿੱਚ ਜਿਸ ਦਾ ਫਾਇਦਾ ਹੋ ਰਿਹਾ ਹੈ ਅਤੇ ਉਸ ਫਾਇਦੇ ਵਿੱਚੋਂ ਫਾਇਦਾ ਨੇਤਾ ਅਤੇ ਅਧਿਕਾਰੀ ਉਠਾ ਰਹੇ ਹੋਣ, ਉਹ ਬੋਲਣਗੇ ਕਿਉਂ ? ਇਨ੍ਹਾਂ ਮਾਮਲਿਆਂ ਵਿੱਚ ਜਦ ਤੱਕ ਸਮਰੀ ਟ੍ਰਾਇਲ (ਸੰਖੇਪ ਸੁਣਵਾਈ) ਦੀ ਵਿਵਸਥਾ ਨਹੀਂ ਹੋਵੇਗੀ ਉਦੋਂ ਤੱਕ ਗੱਲ ਨਹੀਂ ਬਣੇਗੀ। ਇਸ ਵਿੱਚ ਤੇਜ਼ੀ ਨਾਲ ਕਾਰਵਾਈ ਕਰਨੀ ਹੋਵੇਗੀ।

ਜੇ ਚੰਗਾ ਝਾੜ ਨਿਕਲੇਗਾ ਤਾਂ ਹੀ ਕਿਸਾਨ ਮੁਨਾਫ਼ਾ ਕਮਾਉਣ ਪਿੱਛੋਂ ਆਪਣੇ ਘਰ ਸਾਲ ਭਰ ਲਈ ਦਾਣੇ ਰੱਖਣ ਦੇ ਸਮਰੱਥ ਹੋ ਸਕੇਗਾ। ਸੋ ਕਣਕ ਦੀ ਫ਼ਸਲ ਨੂੰ ਬਿਮਾਰੀਆਂ ਤੋਂ ਬਚਾ ਕੇ ਰੱਖਣਾ ਬਹੁਤ ਜ਼ਰੂਰੀ ਹੈ...





# ਕਣਕ ਦੀ ਫ਼ਸਲ ਦਾ ਕੀੜਿਆਂ ਅਤੇ ਬਿਮਾਰੀਆਂ ਤੋਂ ਕਰੋ ਬਚਾਅ

ਸੁਮਨ ਕੁਮਾਰੀ

ਬਿਮਾਰੀ ਰਹਿਤ ਬੀਜ ਫ਼ਸਲ ਦੇ ਭਰਪੂਰ ਉਤਪਾਦਨ ਲਈ ਮਹੱਤਵਪੂਰਨ ਹੈ ਕਿਉਂਕਿ ਫ਼ਸਲਾਂ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਅਤੇ ਕੀੜੇ, ਬੀਜ ਰਾਹੀਂ ਨਵੀਂ ਫ਼ਸਲ ਵਿੱਚ ਫੈਲਦੇ ਹਨ। ਬੀਜ ਸੋਧਣ ਨਾਲ ਅਸੀ ਘੱਟ ਖ਼ਰਚੇ 'ਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਏ ਬਿਨਾਂ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਕਰਕੇ ਫ਼ਸਲੀ ਪੈਦਾਵਾਰ ਵਿੱਚ ਵਾਧਾ ਕਰ ਸਕਦੇ ਹਾਂ। ਇਹ ਬੀਜ ਸੋਧ ਤਕਨੀਕ ਸਾਡੇ ਮਿੱਤਰ ਕੀੜਿਆਂ, ਮਨੁੱਖੀ ਸਿਹਤ ਅਤੇ ਪਰਾਗਣ ਵਾਲੇ ਕੀੜਿਆਂ ਲਈ ਵੀ ਬਹੁਤ ਵਧੀਆ ਹੈ। ਕਣਕ ਪੰਜਾਬ ਵਿੱਚ ਅਨਾਜ ਦੀ ਮੁੱਖ ਫ਼ਸਲ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਣਕ ਦੇ ਚੰਗੇ ਉਤਪਾਦਨ ਉੱਤੇ ਹੀ ਕਿਸਾਨ ਦਾ ਬਿਹਤਰ ਭਵਿੱਖ ਟਿਕਿਆ ਹੁੰਦਾ ਹੈ। ਕਣਕ ਦੀ ਫ਼ਸਲ ਮੰਡੀ ਵਿੱਚ ਭਰਪੂਰ ਮੁਨਾਫ਼ੇ ਨਾਲ ਵੇਚਣ ਤੋਂ ਬਾਅਦ ਹੀ ਕਿਸਾਨ ਆਪਣੀਆਂ ਸਾਲ ਭਰ ਦੀਆਂ ਆਰਥਿਕ ਲੋੜਾਂ ਨੂੰ ਪੂਰੀਆਂ ਕਰਦਾ ਹੈ। ਜੇਕਰ ਚੰਗਾ ਝਾੜ ਨਿਕਲੇਗਾ ਤਾਂ ਹੀ ਕਿਸਾਨ ਇਸ ਫ਼ਸਲ ਤੋਂ ਮੁਨਾਫ਼ਾ ਕਮਾਉਣ ਪਿੱਛੋਂ ਆਪਣੇ ਘਰ ਸਾਲ ਭਰ ਲਈ ਦਾਣੇ ਰੱਖਣ ਦੇ ਸਮਰੱਥ ਹੋ ਸਕੇਗਾ। ਇਸ ਲਈ ਕਿਸਾਨ ਇਸ ਮਹੱਤਵਪੂਰਨ ਫ਼ਸਲ ਨੂੰ ਵੱਖ-ਵੱਖ ਬਿਮਾਰੀਆਂ ਤੋਂ ਬਚਾ ਕੇ ਰੱਖੇ। ਕਣਕ ਦਾ ਝਾੜ ਕੀੜਿਆਂ ਅਤੇ ਬਿਮਾਰੀਆਂ ਨਾਲ ਬਹੁਤ ਪ੍ਰਭਾਵਿਤ ਹੁੰਦਾ ਹੈ।

### ਸਿਉਂਕ

ਸਿਉਂਕ ਫ਼ਸਲ ਬੀਜਣ ਤੋਂ ਕੁੱਝ ਸਮਾਂ ਬਾਅਦ ਹੀ ਅਤੇ ਫੇਰ ਪੱਕਣ ਸਮੇਂ ਬਹੁਤ ਨੁਕਸਾਨ ਕਰਦੀ ਹੈ। ਇਸ ਦੇ



ਹਮਲੇ ਨਾਲ ਬੂਟੇ ਪੀਲੇ ਹੋ ਕੇ ਸੁੱਕ ਜਾਂਦੇ ਹਨ ਤੇ ਸੌਖੇ ਹੀ ਪੁੱਟੇ ਜਾ ਸਕਦੇ ਹਨ। ਜ਼ਿਆਦਾਤਰ ਸਿਉਂਕ ਦਾ ਹਮਲਾ ਰੇਤਲੀਆਂ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ ਅਤੇ ਪਾਣੀ ਲਗਾਉਣ ਨਾਲ ਕੁੱਝ ਹੱਦ ਤੱਕ ਠੀਕ ਹੋ ਜਾਂਦਾ ਹੈ। ਇਸ ਦੀ ਰੋਕਥਾਮ ਲਈ 40 ਗ੍ਰਾਮ ਕਰੂਜ਼ਰ (ਥਾਇਆਮੀਥੋਕਸਮ) ਜਾਂ 160 ਮਿਲੀਲਿਟਰ ਡਰਸਬਾਨ / ਰੂਬਾਨ / ਡਰਮਟ 20 ਈਸੀ (ਕਲੋਰਪਾਈਰੀਫ਼ਸ) ਜਾਂ 80 ਮਿਲੀਲਿਟਰ ਨਿਊਨਿਕਸ 20 ਐਫਐਸ (ਇਮਿਡਾਕਲੋਪਰਿਡ + ਹੈਕਸਾਕੋਨਾਜ਼ੋਲ) ਲੈ ਕੇ ਇੱਕ ਲਿਟਰ ਪਾਣੀ ਵਿੱਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫ਼ਰਸ਼, ਤਰਪਾਲ ਜਾਂ ਪਲਾਸਟਿਕ ਦੀ ਸ਼ੀਟ 'ਤੇ ਪਤਲੀ ਤਹਿ ਵਿਛਾ ਕੇ ਛਿੜਕਾਅ ਕਰਕੇ ਬੀਜ ਨੂੰ ਸੋਧੋ। ਜੇ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਮੋਰਟਲ 0.3 ਜੀ (ਫਿਪਰੋਨਿਲ) ਜਾਂ 12 ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫ਼ਸ) ਨੂੰ 20 ਕਿਲੋ ਸਲ੍ਹਾਬੀ ਮਿੱਟੀ ਨਾਲ ਰਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਲਗਾਉਣ ਤੋਂ ਪਹਿਲਾਂ ਛੱਟਾ ਦੇਵੋ।

### ਤਣੇ ਦੀ ਗੁਲਾਬੀ ਸੁੰਡੀ

ਇਸ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣਿਆਂ ਵਿੱਚ ਮੋਰੀਆਂ ਕਰਕੇ ਅੰਦਰ ਚਲੀਆਂ ਜਾਂਦੀਆਂ ਹਨ ਅਤੇ ਅੰਦਰਲਾ ਮਾਦਾ ਖਾਂਦੀਆਂ ਹਨ, ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ, ਸੁੱਕ ਜਾਂਦੇ ਹਨ ਅਤੇ ਅਖ਼ੀਰ ਵਿੱਚ ਮਰ ਜਾਂਦੇ ਹਨ। ਜੇਕਰ



ਪਿਛਲੀ ਝੋਨੇ ਦੀ ਫ਼ਸਲ ਉਪਰ ਤਣੇ ਦੀ ਗੁਲਾਬੀ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ ਅਕਤੂਬਰ ਵਿੱਚ ਬਿਜਾਈ ਨਾ ਕਰੋ। ਦਿਨ ਸਮੇਂ ਪਾਣੀ ਲਗਾਉਣ ਨੂੰ ਤਰਜੀਹ ਦੇਵੋ ਤਾਂਕਿ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ।

### ਸਿੱਟੇ ਦੀ ਕਾਂਗਿਆਰੀ

ਇਸ ਬਿਮਾਰੀ ਨਾਲ ਸਿੱਟਿਆਂ ਦੇ ਅੰਦਰ ਦਾਣਿਆਂ ਦੀ ਥਾਂ 'ਤੇ ਕਾਲਾ ਧੂੜਾ ਬਣ ਜਾਂਦਾ ਹੈ ਅਤੇ ਇਸ ਤੋਂ ਬਚਾਅ ਲਈ ਕਣਕ ਨੂੰ ਚੰਗੀ ਤਰ੍ਹਾਂ ਸੁਕਾ ਕੇ ਰੱਖੋ ਅਤੇ ਬੀਜ ਨੂੰ ਸਿਫ਼ਾਰਿਸ਼ ਕੀਤੇ ਉੱਲੀ ਨਾਸ਼ਕਾਂ (13 ਮਿਲੀਲਿਟਰ ਰੈਕਸਲ ਈਜ਼ੀ / ਉਰੀਅਸ 6 ਐਫਐਸ (ਟੈਬੂਕੋਨਾਜ਼ੋਲ) ਨੂੰ 400 ਮਿਲੀਲਿਟਰ ਪਾਣੀ ਵਿੱਚ ਘੋਲ ਕੇ



40 ਕਿਲੋ ਬੀਜ ਨੂੰ ਸੋਧੋ ਜਾਂ 120 ਗ੍ਰਾਮ ਵੀਟਾਵੈਕਸ ਪਾਵਰ 75 ਡਬਲਯੂ ਐੱਸ. ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂ ਪੀ ਜਾਂ 40 ਗ੍ਰਾਮ ਟੈਬੂਸੀਡ ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧੋ।

### ਪੱਤਿਆਂ ਦੀ ਕਾਂਗਿਆਰੀ

ਇਸ ਬਿਮਾਰੀ ਦੇ ਕਣ ਬੀਜ ਤੇ ਮਿੱਟੀ ਵਿੱਚ ਰਹਿੰਦੇ ਹਨ ਅਤੇ ਇਹ ਬਿਮਾਰੀ ਜ਼ਿਆਦਾਤਰ ਹੁਸ਼ਿਆਰਪੁਰ ਦੇ ਕੰਡੀ ਖੇਤਰਾਂ ਵਿੱਚ ਦੂਜੇ ਖੇਤਰਾਂ ਦੇ ਮੁਕਾਬਲੇ ਵੱਧ ਪਾਈ ਜਾਂਦੀ ਹੈ। ਇਸ ਬਿਮਾਰੀ ਨਾਲ ਪੱਤਿਆਂ ਅਤੇ ਤਣੇ 'ਤੇ ਸਲੇਟੀ ਜਾਂ ਕਾਲੇ ਰੰਗ ਦੀਆਂ ਲੰਬੀਆਂ ਧਾਰੀਆਂ ਬਣ ਜਾਂਦੀਆਂ ਹਨ। ਉੱਲੀ ਦੇ ਇਹ ਕਣ ਪਹਿਲਾਂ ਪੱਤੇ ਦੀ ਪਤਲੀ ਸਤਹਿ ਹੇਠਾਂ ਰਹਿੰਦੇ ਹਨ ਅਤੇ ਬਾਅਦ ਵਿੱਚ ਫਟਣ ਤੇ ਫ਼ਸਲ ਦੀ ਕਟਾਈ ਦੌਰਾਨ ਕਈ ਦਾਣਿਆਂ 'ਤੇ ਲੱਗ ਜਾਂਦੇ ਹਨ। ਇਸ ਬਿਮਾਰੀ ਨੂੰ ਰੋਕਣ ਲਈ ਡੂੰਘੀ ਬਿਜਾਈ ਨਾ ਕਰੋ। ਬੀਜ ਸੋਧ ਦੇ ਬਾਵਜੂਦ ਜੇ ਬਿਮਾਰੀ ਵਾਲੇ ਪੌਦੇ ਨਜ਼ਰ ਆਉਣ ਤਾਂ ਉਨ੍ਹਾਂ ਨੂੰ ਪੁੱਟ ਕੇ ਨਸ਼ਟ ਕਰ ਦਿਉ। ਸਿੱਟੇ ਦੀ ਕਾਂਗਿਆਰੀ ਲਈ ਸਿਫ਼ਾਰਿਸ਼ ਕੀਤੇ ਉੱਲੀਨਾਸ਼ਕ ਇਸ ਨੂੰ ਰੋਕਣ ਲਈ ਵਰਤੇ ਜਾ ਸਕਦੇ ਹਨ।

### ਜ਼ਰੂਰੀ ਨੁਕਤੇ

ਕਿਸਾਨਾਂ ਨੂੰ ਹੇਠ ਲਿਖੇ ਨੁਕਤਿਆਂ ਉੱਤੇ ਵੀ ਗੌਰ ਕਰਨਾ ਚਾਹੀਦਾ ਹੈ। ਬੀਜ ਦੀ ਸੋਧ ਬਿਜਾਈ ਤੋਂ ਕਦੇ ਵੀ ਇੱਕ ਮਹੀਨਾ ਪਹਿਲਾਂ ਨਾ ਕਰੋ, ਬੀਜ ਨੂੰ ਸੋਧਣ ਲਈ ਬੀਜ ਸੋਧ ਡਰੰਮ ਦੀ ਵਰਤੋਂ ਕਰੋ। ਕਿਸਾਨਾਂ ਨੂੰ ਬੀਜ ਦੀ ਸੋਧ ਹੱਥਾਂ ਨਾਲ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਚਮੜੀ ਨੂੰ ਕਾਫ਼ੀ ਨੁਕਸਾਨ ਕਰ ਸਕਦੀ ਹੈ।


### ਖੇਤੀ-ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

ਕਣਕ ਪੰਜਾਬ ਵਿੱਚ ਅਨਾਜ ਦੀ ਮੁੱਖ ਫ਼ਸਲ ਹੈ। ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਕਣਕ ਦੇ ਚੰਗੇ ਉਤਪਾਦਨ ਉੱਤੇ ਹੀ ਕਿਸਾਨ ਦਾ ਬਿਹਤਰ ਭਵਿੱਖ ਟਿਕਿਆ ਹੁੰਦਾ ਹੈ। ਸੋ ਬੰਪਰ ਫ਼ਸਲ ਲੈਣ ਲਈ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਉਹ ਸਮੇਂ-ਸਮੇਂ 'ਤੇ ਖੇਤੀਬਾੜੀ ਦੇ ਮਾਹਿਰਾਂ ਨਾਲ ਸਲਾਹ ਮਸ਼ਵਰਾ ਜ਼ਰੂਰ ਕਰਨ। ਇਸ ਤੋਂ ਇਲਾਵਾ ਖੇਤੀਬਾੜੀ ਮਾਹਿਰਾਂ ਨਾਲ ਸਲਾਹ ਕਰਕੇ ਬੀਜ ਪ੍ਰਾਪਤ ਕਰਨ। ਸਰਦੀਆਂ ਵਿੱਚ ਫ਼ਸਲ ਨੂੰ ਪਾਣੀ ਲਾਉਣ ਤੋਂ ਪਹਿਲਾਂ ਮੌਸਮ ਦਾ ਧਿਆਨ ਲਾਜ਼ਮੀ ਰੱਖਣਾ ਚਾਹੀਦਾ ਹੈ ਤਾਂ ਜੋ ਫ਼ਸਲ ਦਾ ਨੁਕਸਾਨ ਨਾ ਹੋ ਸਕੇ।

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ
ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ

12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

# ਦਿਹਾਤੀ ਵਿਕਾਸ ਵਿੱਚ ਅਹਿਮ ਰੋਲ ਹੈ ਮਨਰੇਗਾ ਦਾ



ਡਾ: ਸ. ਸ. ਛੀਨਾ

‘ਜੀ ਰਾਮ ਜੀ’ ਅਤੇ ‘ਮਨਰੇਗਾ’ ਤੋਂ ਪਹਿਲਾ ਪੇਂਡੂ ਰੁਜ਼ਗਾਰ ਵਧਾਉਣ ਲਈ ਕਈ ਮੰਜ਼ਿਲਾਂ ਤੈਅ ਕੀਤੀਆਂ ਗਈਆਂ ਹਨ, ਜਿਵੇਂ- ਰੂਰਲ ਮੈਨਪਾਵਰ ਪ੍ਰੋਗਰਾਮ 1960, ਕਰੈਸ਼ ਸਕੀਮ ਫਾਰ ਰੂਰਲ ਇੰਪਲਾਈਮੈਂਟ 1971 ਫਿਰ 1980 ਵਿੱਚ ਨੈਸ਼ਨਲ ਰੂਰਲ ਇੰਪਲਾਈਮੈਂਟ ਪ੍ਰੋਗਰਾਮ, ਜਵਾਹਰ ਰੁਜ਼ਗਾਰ ਯੋਜਨਾ 1993, ਸੰਪੂਰਨ ਰੁਜ਼ਗਾਰ ਯੋਜਨਾ 1999 ਆਦਿ ਪਰ ਇਨ੍ਹਾਂ ਨੂੰ ਕਾਨੂੰਨੀ ਗਰੰਟੀ ਨਹੀਂ ਸੀ। ਮਨਰੇਗਾ (ਮਹਾਤਮਾ ਗਾਂਧੀ ਰੁਜ਼ਗਾਰ ਗਰੰਟੀ ਯੋਜਨਾ) 2006 ਵਿੱਚ ਪਹਿਲਾਂ ਭਾਰਤ ਦੇ 50 ਜ਼ਿਲ੍ਹਿਆਂ ਵਿੱਚ ਲਾਗੂ ਕੀਤੀ ਗਈ ਸੀ, ਇਸ ਯੋਜਨਾ ਵਿੱਚ ਪੰਜਾਬ ਦਾ ਲੁਧਿਆਣਾ ਜ਼ਿਲ੍ਹਾ ਵੀ ਸ਼ਾਮਲ ਸੀ। ਤੱਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਵੱਲੋਂ ਕੀਤੀ ਇਹ ਪਹਿਲ ਬਹੁਤ ਉਪਯੋਗੀ ਸੀ, ਜਿਸ ਨੂੰ ਬਾਅਦ ਵਿੱਚ ਵਧਾ ਕੇ ਪੂਰੇ ਭਾਰਤ ਦੇ ਹਰ ਜ਼ਿਲ੍ਹੇ ਦੇ ਹਰ ਬਲਾਕ ਪੱਧਰ ਤੱਕ ਲਾਗੂ ਕੀਤਾ ਗਿਆ ਸੀ। ਹੁਣ ਇਸ ਸਕੀਮ ਦਾ ਨਾਂਅ ਬਦਲ ਕੇ ‘ਜੀ ਰਾਮ ਜੀ’ ਗ੍ਰਾਮ ਰੁਜ਼ਗਾਰ ਉਪਜੀਵਕਾ ਮਿਸ਼ਨ (ਰੁਜ਼ਗਾਰ ਤੇ ਉਪਜੀਵਕਾ ਮਿਸ਼ਨ) ਦਾ ਨਾਂਅ ਦੇ ਕੇ ਇਸ ਵਿੱਚ ਮਾਮੂਲੀ ਤਬਦੀਲੀਆਂ ਕੀਤੀਆਂ ਗਈਆਂ ਹਨ। ਇਸ ਦੇ ਸਿੱਟੇ ਇਸ ਦੇ ਲਾਗੂ ਹੋਣ ਨਾਲ ਸੰਬੰਧਿਤ ਹਨ। ਇਸ ਸਕੀਮ ਦੇ 2006 ਤੋਂ ਲਾਗੂ ਹੋਣ ਨਾਲ ਆਮ ਲੋਕਾਂ ਦੀ ਖਰੀਦ ਸ਼ਕਤੀ ਵੱਧੀ ਸੀ। ਇੱਕ ਨਹੀਂ ਕਈ ਰਿਪੋਰਟਾਂ ਅਨੁਸਾਰ ਇਸ ਸਕੀਮ ਨਾਲ ਪਿੰਡਾਂ ਵਿੱਚ ਆਮ ਵਸਤੂਆਂ ਦੀ ਮੰਗ ਵੀ ਵੱਧੀ ਸੀ।

ਮਨਰੇਗਾ ਤਹਿਤ ਪਿੰਡ ਦੀ ਪੰਚਾਇਤ ਇੱਕ ਪਰਿਵਾਰ ਦੇ ਕਿਸੇ ਮੈਂਬਰ ਨੂੰ ਸਾਲ ਵਿੱਚ 100 ਦਿਨ ਲਈ ਨਿਰਧਾਰਤ ਰੋਜ਼ਾਨਾ ਉਜਰਤ (271 ਰੁਪਏ) ’ਤੇ 100 ਦਿਨ ਦਾ ਰੁਜ਼ਗਾਰ ਦਿੰਦੀ ਸੀ, ਹੁਣ ‘ਜੀ ਰਾਮ ਜੀ’ ਤਹਿਤ ਸਾਲ ਵਿੱਚ 125 ਦਿਨ ਤੱਕ ਰੁਜ਼ਗਾਰ ਦਿੱਤਾ ਜਾਵੇਗਾ। ਮਨਰੇਗਾ ਵਿੱਚ ਸੂਬਾ ਸਰਕਾਰ ਨੂੰ ਸਿਰਫ਼ 10 ਫ਼ੀਸਦੀ ਹਿੱਸਾ ਪਾਉਣਾ ਪੈਂਦਾ ਸੀ, ਕਿਉਂਕਿ 90 ਫ਼ੀਸਦੀ ਉਜਰਤ ਕੇਂਦਰ ਸਰਕਾਰ ਦਿੰਦੀ ਸੀ ਪਰ ‘ਜੀ ਰਾਮ ਜੀ’ ਤਹਿਤ ਸੂਬਿਆਂ ਦਾ ਹਿੱਸਾ ਵਧਾ ਕੇ 40 ਫ਼ੀਸਦੀ ਕਰ ਦਿੱਤਾ ਗਿਆ ਹੈ। ਸੂਬਾ ਸਰਕਾਰਾਂ ਪਹਿਲਾਂ ਹੀ ਆਮਦਨੀ ਦੀ ਘਾਟ ਕਾਰਨ ਕਰਜ਼ਿਆਂ ਦੇ ਵੱਡੇ ਬੋਝ ਹੇਠਾਂ ਦੱਬੀਆਂ ਪਈਆਂ ਹਨ। ਦੇਸ਼ ਵਿੱਚ ਇਹ ਵੱਡੀ ਮੰਗ ਸੀ ਕਿ ਕਿਰਤ ਦੇ ਦਿਨਾਂ ਦੀ ਗਿਣਤੀ 100 ਤੋਂ ਵਧਾ ਕੇ 200 ਕੀਤੀ ਜਾਵੇ, 125 ਦਿਨਾਂ ਨਾਲ ਪੇਂਡੂ ਰੁਜ਼ਗਾਰ ’ਤੇ ਬਹੁਤਾ ਪ੍ਰਭਾਵ ਨਹੀਂ ਪੈਣਾ, ਕਿਉਂਕਿ ਪਿੰਡਾਂ ਵਿੱਚ ਖੇਤੀ ਹੀ ਇੱਕ ਮੁੱਖ ਪੇਸ਼ਾ ਹੈ। ਪਰ ਪਿਛਲੇ 30 ਸਾਲਾਂ ਤੋਂ ਖੇਤੀ ਫ਼ਸਲ ਚੱਕਰ ਥੋੜ੍ਹੀਆਂ ਫ਼ਸਲਾਂ ਤੱਕ ਸੀਮਤ ਹੋਣ ਅਤੇ ਇਸ ਦੇ ਨਾਲ ਹੀ ਮਸ਼ੀਨੀਕਰਨ ਵੱਧਣ ਕਾਰਨ ਖੇਤੀ ਵਿੱਚ ਵੀ ਕੰਮ ਘੱਟ ਗਿਆ ਹੈ। ਖੇਤੀ ਦਾ ਜਿਹੜਾ ਕੰਮ ਫ਼ਸਲ ਵਿਭਿੰਨਤਾ ਕਰਕੇ ਸਾਰਾ ਸਾਲ ਚੱਲਦਾ ਰਹਿੰਦਾ ਸੀ, ਉਹ 30 ਤੋਂ 40 ਦਿਨ ਤੱਕ ਸੀਮਤ ਹੋ ਗਿਆ ਹੈ। ਇਸ ਕਰਕੇ ਪੇਂਡੂ ਰੁਜ਼ਗਾਰ ਵਿੱਚ ਬੇਰੁਜ਼ਗਾਰੀ ਵੱਧਣ ਨਾਲ ਅਰਧ-ਬੇਰੁਜ਼ਗਾਰੀ ਹੋ ਗਈ ਹੈ।

ਪਿੰਡਾਂ ਵਿੱਚ ਉਦਯੋਗੀਕਰਨ ਦੀ ਰਫ਼ਤਾਰ ਵੀ ਬਹੁਤ ਸੁਸਤ ਹੈ। ਪਿੰਡਾਂ ਦੇ ਬਹੁਤੇ ਕਿਰਤੀ ਰੁਜ਼ਗਾਰ ਲਈ ਘਰਾਂ ਤੋਂ ਦੂਰ ਸ਼ਹਿਰਾਂ ਵਿੱਚ ਜਾਂਦੇ ਹਨ। ਭਾਵੇਂ



ਕੋਰੋਨਾ ਕਾਲ ਵਿੱਚ ਮਨਰੇਗਾ ਦੇ ਸੀਮਤ ਕੰਮ ਨਾਲ ਕਿਰਤੀਆਂ ਨੂੰ ਵੱਡੀ ਰਾਹਤ ਮਿਲੀ ਸੀ। ਮਨਰੇਗਾ ਕਰਕੇ ਬਿਹਾਰ, ਮੱਧ ਪ੍ਰਦੇਸ਼ ਅਤੇ ਯੂ.ਪੀ. ਦੇ ਕਈ ਖੇਤਰਾਂ ਵਿੱਚ ਕਿਰਤੀਆਂ ਦੇ ਪ੍ਰਵਾਸ ਕਰਨ ਦੀ ਰੁੱਚੀ ਵਿੱਚ ਕਮੀ ਆਈ ਸੀ। ਮਨਰੇਗਾ ਲਾਗੂ ਹੋਣ ਤੋਂ ਬਾਅਦ ਰੁਜ਼ਗਾਰ ਮਿਲਣ ਨਾਲ ਪੇਂਡੂ ਲੋਕਾਂ ਦੀ ਆਮਦਨ ਵਿੱਚ 14 ਫ਼ੀਸਦੀ ਵਾਧਾ ਹੋਇਆ ਸੀ। ਔਰਤਾਂ ਦੇ ਰੁਜ਼ਗਾਰ ’ਤੇ ਇਸ ਸਕੀਮ ਨੇ ਬਹੁਤ ਚੰਗਾ ਪ੍ਰਭਾਵ ਪਾਇਆ ਹੈ। ਉਨ੍ਹਾਂ ਨੂੰ ਸ਼ਹਿਰ ਜਾਂ ਦੂਰ ਜਾ ਕੇ ਕੰਮ ਕਰਨ ਦੀ ਬਜਾਏ ਪਿੰਡ ਵਿੱਚ ਹੀ 100 ਦਿਨ ਦਾ ਰੁਜ਼ਗਾਰ ਮਿਲ ਜਾਂਦਾ ਹੈ। ਭਾਵੇਂ ਇਸ ਸਕੀਮ ਨਾਲ 12 ਕਰੋੜ ਲੋਕਾਂ ਨੂੰ ਵੱਖ-ਵੱਖ ਸਮਿਆਂ ਤੇ ਰੁਜ਼ਗਾਰ ਮਿਲਿਆ, ਪਰ ਦੇਸ਼ ਦੀ ਵਸੋਂ ਤੇ ਬੇਰੁਜ਼ਗਾਰੀ ਨਾਲ ਜੂਝ ਰਹੀ ਅਰਥਵਿਵਸਥਾ ਲਈ ਇਹ ਬਹੁਤ ਘੱਟ ਹੈ। ਇੱਕ ਅੰਦਾਜ਼ੇ ਅਨੁਸਾਰ 2022-23 ਵਿੱਚ ਇਸ ਸਕੀਮ ਰਾਹੀਂ ਔਰਤਾਂ ਨੇ ਮਰਦਾਂ ਨਾਲੋਂ 58 ਫ਼ੀਸਦੀ ਜ਼ਿਆਦਾ ਰੁਜ਼ਗਾਰ ਪ੍ਰਾਪਤ ਕੀਤਾ, ਕਿਉਂਕਿ ਇਹ ਰੁਜ਼ਗਾਰ ਉਨ੍ਹਾਂ ਨੂੰ ਘਰ ਦੇ ਨੇੜੇ ਆਪਣੇ ਪਿੰਡ ਵਿੱਚ ਮਿਲਿਆ ਸੀ। ਇਸ ਸਕੀਮ ਤਹਿਤ 2025-26 ਲਈ ਰੱਖੇ ਗਏ 86 ਹਜ਼ਾਰ ਕਰੋੜ ਰੁਪਏ ਪੇਂਡੂ ਲੋਕਾਂ ਦੇ ਹੱਥਾਂ ਵਿੱਚ ਆਉਣ ਨਾਲ ਉਨ੍ਹਾਂ ਦੀ ਖਰੀਦ ਸ਼ਕਤੀ ਵਧੇਗੀ। ਉਨ੍ਹਾਂ ਦੀ ਵਸਤੂਆਂ ਤੇ ਸੇਵਾਵਾਂ ਦੀ ਮੰਗ ਵੱਧਣ ਨਾਲ ਉਹ ਜ਼ਿਆਦਾ ਗਿਣਤੀ ਵਿੱਚ ਬਣਨਗੀਆਂ ਤਾਂ ਰੁਜ਼ਗਾਰ ਪੈਦਾ ਹੋਣ ਦਾ ਲਾਭ ਸਮੁੱਚੇ ਤੌਰ ’ਤੇ ਹੋਵੇਗਾ।

ਪੰਜਾਬ ਦੇ ਪਿਛਲੇ ਸਮਿਆਂ ਵਿੱਚ ਮਨਰੇਗਾ ਦਾ ਬਹੁਤ ਘੱਟ ਲਾਭ ਉਠਾਇਆ ਹੈ, ਕਿਉਂਕਿ ਇਸ ਸਕੀਮ ਤਹਿਤ ਦਿੱਤੀ ਜਾਂਦੀ ਮਜ਼ਦੂਰੀ ਬਹੁਤ ਘੱਟ ਹੈ। ਕਈ ਹੋਰ ਸੂਬਿਆਂ ਦੇ ਮਜ਼ਦੂਰ ਵੀ ਘੱਟ ਮਜ਼ਦੂਰੀ ਮਿਲਣ ਕਰਕੇ ਇਸ ਦਾ ਲਾਭ ਨਹੀਂ ਸੀ ਉਠਾ ਸਕੇ। ਹਾਲਾਂਕਿ ਔਰਤਾਂ ਨੇ ਘੱਟ ਉਜਰਤ ਪ੍ਰਵਾਨ ਕਰ ਲਈ ਸੀ। ਨਵੇਂ ਬਿਲ ਵਿੱਚ ਵੀ ਉਜਰਤ ਵਧਾਉਣ ਬਾਰੇ ਕੋਈ ਸਪੱਸ਼ਟ ਵੇਰਵਾ ਨਹੀਂ ਦਿੱਤਾ ਗਿਆ, ਜਿਸ ਦੀ ਜ਼ਿਆਦਾ ਲੋੜ ਹੈ। ਫਿਰ ਵੱਖ-ਵੱਖ ਸੂਬਿਆਂ ਵਿੱਚ ਵੀ ਮਜ਼ਦੂਰਾਂ ਦੀ ਉਜਰਤ ਵਿੱਚ ਕਾਫ਼ੀ ਫ਼ਰਕ ਹੈ। ਇਸ ਲਈ ਬਿਹਤਰ ਹੋਵੇਗਾ ਕਿ ਉਜਰਤ ਤੈਅ ਕਰਨ ਦਾ ਫ਼ੈਸਲਾ ਸੂਬਾ ਸਰਕਾਰਾਂ ’ਤੇ ਛੱਡ ਦਿੱਤਾ ਜਾਵੇ। ਇਸ ਸਕੀਮ ਦਾ ਪੂਰਾ ਲਾਭ ਨਾ ਉਠਾ ਸਕਣ ਦਾ ਇੱਕ ਹੋਰ ਕਾਰਨ ਇਸ ਦੇ ਕੰਮ ਪਿੰਡਾਂ ਦੇ ਆਕਾਰ ਨਾਲੋਂ ਘੱਟ ਸਨ। ਇਸ ਸਕੀਮ ਤਹਿਤ ਲਾਇਬਰੇਰੀ, ਸਕੂਲ, ਸਾਂਝੀ ਇਮਾਰਤ ਬਣਾਉਣ, ਗਲੀਆਂ ਦੀ ਸਫ਼ਾਈ, ਨਵੀਆਂ ਨਾਲੀਆਂ ਬਣਾਉਣ ਜਿਹੇ ਕੰਮ ਆਉਂਦੇ ਸਨ ਅਤੇ ਇਹ ਪਿੰਡ ਦੇ ਹਿਸਾਬ ਨਾਲ ਵਾਰ-ਵਾਰ ਜਾਂ ਜ਼ਿਆਦਾ ਚਿਰ ਤੱਕ ਨਹੀਂ ਚਲ ਸਕਦੇ। ਇਸ ਸਕੀਮ ਦੇ ਪੈਸੇ ਨੂੰ ਉਤਪਾਦਕਤਾ ਦੇ ਕੰਮਾਂ ’ਤੇ ਹੀ ਲਾਉਣਾ ਚਾਹੀਦਾ ਹੈ, ਪਰ ਜਦੋਂ ਕੋਈ ਕੰਮ ਨਾ ਹੋਵੇ ਤਾਂ ਇਸ ਸਕੀਮ ਨੂੰ ਕਿਸ ਕੰਮ ਲਈ ਵਰਤਿਆ ਜਾਵੇ, ਇਸ ਲਈ ਨਵੇਂ ਉਤਪਾਦਕ ਕੰਮਾਂ ਦੀ ਪਛਾਣ ਕਰਨੀ ਵੀ ਬਹੁਤ ਜ਼ਰੂਰੀ ਹੈ। ਪੰਜਾਬ ਦੇ ਹਰ ਪਿੰਡ ਦੀ ਇੱਕ ਨਵੀਂ ਉਭਰਦੀ ਸਮੱਸਿਆ ਇਹ ਹੈ ਕਿ ਜਦੋਂ ਤੋਂ ਪਿੰਡਾਂ ਦੇ ਛੱਪੜ ਪੂਰ ਦਿੱਤੇ ਗਏ ਹਨ, ਉਸ ਸਮੇਂ ਤੋਂ ਨਾਲੀਆਂ ਬੰਦ ਹੋਣ ’ਤੇ ਗਲੀਆਂ ਵਿੱਚ ਫਿਰਦਾ ਪਾਣੀ ਪਿੰਡਾਂ ਵਿੱਚ ਵੱਡੀ ਸਮੱਸਿਆ ਬਣਿਆ ਹੋਇਆ ਹੈ। ਹੁਣ ਸ਼ਹਿਰਾਂ ਵਾਂਗ ਹੀ ਪਿੰਡਾਂ ਵਿੱਚ ਵੀ ਸੀਵਰੇਜ ਸਿਸਟਮ ਪਾ ਕੇ ਇੱਕ ਪਿੰਡ ਦੇ ਸੀਵਰੇਜ ਨੂੰ ਦੂਜੇ ਪਿੰਡ ਦੇ ਸੀਵਰੇਜ ਨਾਲ ਜੋੜ ਕੇ ਇਸ ਸਮੱਸਿਆ ਦਾ ਪੱਕਾ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਦਾ ਦੂਸਰਾ ਬਦਲ ਮੁੜ ਛੱਪੜ ਪੁੱਟ ਕੇ ਇੱਕਠਾ ਹੋਣ ਵਾਲੇ ਪਾਣੀ ਨੂੰ ਉਪਯੋਗੀ ਬਣਾਇਆ ਜਾ ਸਕਦਾ ਹੈ। ਅੱਜਕੱਲ੍ਹ ਘਰਾਂ ਵਿੱਚ ਲੱਗੀਆਂ ਸਮਰਸੀਬਲ ਮੋਟਰਾਂ ਨਾਲ ਕੱਢੇ ਜਾਂਦੇ ਪਾਣੀ ਦੀ ਵਰਤੋਂ ਤੋਂ ਬਾਅਦ ਨਿਕਾਸੀ ਦਾ ਪੱਕਾ ਪ੍ਰਬੰਧ ਨਹੀਂ ਹੈ। ਜਿਹੜੇ ਕੰਮ ਪਿੰਡਾਂ ਲਈ ਉਪਯੋਗੀ ਹੋਣ ਉਨ੍ਹਾਂ ਨੂੰ ਅਜਿਹੀਆਂ ਸਕੀਮਾਂ ਤਹਿਤ ਅਪਨਾ ਲਿਆ ਜਾਣਾ ਚਾਹੀਦਾ ਹੈ। ਇਸ ਸਕੀਮ ਵਿੱਚ ਲੱਗੇ ਕਿਰਤੀਆਂ ਨੂੰ ਸਹਿਕਾਰੀ ਕਾਰੋਬਾਰਾਂ ਦੇ ਠੇਕੇਦਾਰ ਨਾਲ ਕਿਰਤੀਆਂ ਦੇ ਤੌਰ ’ਤੇ ਜੋੜਨ ਲਈ ਰੁਜ਼ਗਾਰ ਦੇ ਵੱਡੇ ਮੌਕੇ ਖੋਜਣ ਸੰਬੰਧੀ ਵਿਚਾਰ ਕਰਨਾ ਚਾਹੀਦਾ ਹੈ। ਜੇਕਰ ਕੇਂਦਰ ਜਾਂ ਸੂਬਾ ਸਰਕਾਰਾਂ ਉਦਯੋਗਿਕ ਕਿੱਤੇ ਚਾਲੂ ਨਹੀਂ ਕਰ ਸਕਦੀਆਂ ਤਾਂ ਉਨ੍ਹਾਂ ਦੀ ਜਗ੍ਹਾਂ ਅਜਿਹੀਆਂ ਸਕੀਮਾਂ ਅਧੀਨ ਕੰਮ ਪੈਦਾ ਕਰ ਕੇ ਲਾਭ ਉਠਾਉਣਾ ਸਮਾਜ ਦੇ ਹਿੱਤ ਦੀ ਗੱਲ ਹੋਵੇਗੀ।

ਦੇਸ਼ ਵਿੱਚ ਮਜ਼ਦੂਰਾਂ ਲਈ ‘ਜੀ ਰਾਮ ਜੀ’ ਜਾਂ ਮਨਰੇਗਾ ਰੁਜ਼ਗਾਰ ਦਾ ਕੋਈ ਪੱਕਾ ਹੱਲ ਨਹੀਂ ਹੈ। ਸਮਾਜਿਕ ਸੁਰੱਖਿਆ ਦੇ ਅਧੀਨ ਹਰ ਇੱਕ ਲਈ 100 ਦਿਨ ਦਾ ਨਹੀਂ ਸਗੋਂ 300 ਦਿਨ ਦਾ ਕੰਮ ਅਤੇ ਦਿਨ ਵਿੱਚ 8 ਘੰਟਿਆਂ ਲਈ ਪੂਰੇ ਦਿਨ ਲਈ ਰੁਜ਼ਗਾਰ ਮਿਲਣਾ ਚਾਹੀਦਾ ਹੈ, ਉਸ ਤੋਂ ਬਗੈਰ ਸਮਾਜ ਵਿੱਚ ਖੁਸ਼ਹਾਲੀ ਤੇ ਦੇਸ਼ ਵਿੱਚ ਤਰੱਕੀ ਨਹੀਂ ਆ ਸਕਦੀ। ਅਜਿਹਾ ਰੁਜ਼ਗਾਰ ਉਦਯੋਗੀਕਰਨ ਤੋਂ ਬਗੈਰ ਪੈਦਾ ਨਹੀਂ ਹੋ ਸਕਦਾ। ਖੇਤੀ ਵਿੱਚ ਕਿਰਤ ਦੇ ਸੀਮਤ ਮੌਕੇ ਹਨ, ਪਰ ਵਿਕਸਿਤ ਭਾਰਤ 2047 ਦੇ ਮਿਸ਼ਨ ਵੱਲ ਵੱਧਦਿਆਂ ਇਹ ਸਕੀਮ ਖੁਸ਼ਹਾਲੀ ਪੈਦਾ ਕਰਨ ਲਈ ਆਧਾਰ ਬਣ ਸਕਦੀ ਹੈ।

ਬਾਕੀ ਸਫਾ 3 ਦੀ

## ਕਿਸਾਨਾਂ ਲਈ ਜਨਵਰੀ ਦਾ ਮਹੀਨਾ

ਉਮਰ ਦੀ ਅਤੇ ਸਿਫ਼ਾਰਸ਼ ਕੀਤੀ ਕਿਸਮ ਦੀ ਪਨੀਰੀ ਲੈਣੀ ਚਾਹੀਦੀ ਹੈ। ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿੱਚ ਪਨੀਰੀ ਲਗਾਈ ਜਾਵੇ। ਪਨੀਰੀ ਲਗਾਉਣ ਸਮੇਂ ਲਾਈਨਾਂ ਵਿਚਕਾਰ 15 ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ। ਖੇਤ ਤਿਆਰ ਕਰਨ ਤੋਂ ਪਹਿਲਾਂ 20 ਟਨ ਰੂੜੀ ਦੇ ਪ੍ਰਤੀ ਏਕੜ ਪਾਏ ਜਾਣ। ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ, 125 ਕਿਲੋ ਸੁਪਰਫਾਸਫੇਟ ਅਤੇ 35 ਕਿਲੋ ਮੂਰੀਏਟ ਆਫ਼ ਪੋਟਾਸ਼, ਪ੍ਰਤੀ ਏਕੜ ਪਾਈ ਜਾਵੇ।

ਧਰਤੀ ਹੇਠਲੇ ਪਾਣੀ ਵਿੱਚ ਆ ਰਹੀ ਗਿਰਾਵਟ ਨੂੰ ਵੇਖਦਿਆਂ ਹੋਇਆਂ ਪੰਜਾਬ ਵਿੱਚ ਵਣ ਖੇਤੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਅਗਲੇ ਮਹੀਨੇ ਪੱਤਝੜੀ ਰੁੱਖਾਂ ਨੂੰ ਲਗਾਇਆ ਜਾ ਸਕਦਾ ਹੈ। ਕੁੱਝ ਰਕਬੇ ਵਿੱਚ ਇਨ੍ਹਾਂ ਨੂੰ ਕਾਸ਼ਤ ਕਰਕੇ ਵੇਖਣਾ ਚਾਹੀਦਾ ਹੈ। ਪਾਪੂਲਰ ਵਣ ਖੇਤੀ ਲਈ ਸਭ ਤੋਂ ਉੱਤਮ ਮੰਨਿਆ ਗਿਆ ਹੈ। ਇਸ ਦੇ ਬੂਟੇ ਜੰਗਲਾਤ ਮਹਿਕਮੇ ਤੋਂ ਮੁਫ਼ਤ ਵੀ ਮਿਲ ਜਾਂਦੇ ਹਨ। ਮਹਿਕਮੇ ਦੀਆਂ ਹਿਦਾਇਤਾਂ ਅਨੁਸਾਰ ਹੀ ਇਨ੍ਹਾਂ ਨੂੰ ਲਗਾਇਆ ਜਾਵੇ। ਮੁੱਢਲੇ ਤਿੰਨ ਸਾਲ ਇਨ੍ਹਾਂ ਵਿਚਕਾਰ ਫ਼ਸਲਾਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਵਣ ਖੇਤੀ ਰਾਹੀਂ ਫ਼ਸਲਾਂ ਨਾਲੋਂ ਵੱਧ ਆਮਦਨ ਹੋ ਜਾਂਦੀ ਹੈ।

ਰਸਾਇਣਾਂ ਦੀ ਵੀ ਨਾ ਮਾਤਰ ਹੀ ਲੋੜ ਪੈਂਦੀ ਹੈ। ਪਾਪਲਰ ਤੋਂ ਇਲਾਵਾ ਅਗਲੇ ਮਹੀਨੇ ਸ਼ਫ਼ੈਦਾ ਅਤੇ ਡੇਕ ਦੇ ਰੁੱਖ ਲਗਾਏ ਜਾ ਸਕਦੇ ਹਨ। ਬੂਟੇ ਲਗਾਉਣ ਲਈ ਇੱਕ ਮੀਟਰ ਘੇਰੇ ਵਾਲਾ ਤੇ ਇੱਕ ਮੀਟਰ ਹੀ ਡੂੰਘਾ ਟੋਇਆ ਪੁਟਿਆ ਜਾਵੇ। ਇਸ ਮੌਸਮ ਵਿੱਚ ਬੂਟਿਆਂ ਨੂੰ ਨੰਗੀਆਂ ਜੜ੍ਹਾਂ ਨਾਲ ਹੀ ਨਰਸਰੀ ਵਿੱਚੋਂ ਪੁੱਟ ਕੇ ਲਗਾਇਆ ਜਾ ਸਕਦਾ ਹੈ।

ਪਤਝੜੀ ਫ਼ਲਦਾਰ ਬੂਟੇ ਲਗਾਉਣ ਦਾ ਵੀ ਹੁਣ ਢੁੱਕਵਾਂ ਸਮਾਂ ਹੈ। ਇਨ੍ਹਾਂ ਨੂੰ ਨਵੇਂ ਪੱਤੇ ਨਿਕਲਣ ਤੋਂ ਪਹਿਲਾਂ ਨਰਸਰੀ ਵਿਚੋਂ ਪੁੱਟ ਕੇ ਲਗਾਉਣਾ ਚਾਹੀਦਾ ਹੈ।




ਜੇਕਰ ਬਾਗ ਲਗਾਉਣਾ ਹੈ ਤਾਂ ਪਹਿਲਾਂ ਆਪਣੇ ਖੇਤ ਦੀ ਮਿੱਟੀ ਦੀ ਪਰਖ ਕਰਵਾਉ ਅਤੇ ਇਲਾਕੇ ਨੂੰ ਢੁਕਵੇਂ ਫ਼ਲਾਂ ਦੀ ਚੋਣ ਕਰੋ। ਬੂਟੇ ਹਮੇਸ਼ਾ ਸਿਫ਼ਾਰਸ਼ ਕੀਤੀ ਕਿਸਮ, ਸਹੀ ਉਮਰ ਅਤੇ ਸਿਹਤਮੰਦ ਹੋਣੇ ਚਾਹੀਦੇ ਹਨ। ਬੂਟੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਜਾਂ ਸਰਕਾਰੀ ਨਰਸਰੀ ਤੋਂ ਲੈਣੇ ਚਾਹੀਦੇ ਹਨ। ਪੰਜਾਬ ਵਿੱਚ ਨਾਸ਼ਪਤੀ, ਆੜੂ, ਅੰਗੂਰ, ਅਲੂਚਾ ਪਤਝੜੀ ਫ਼ਲਾਂ ਨੂੰ ਲਗਾਇਆ ਜਾ ਸਕਦਾ ਹੈ। ਪਥਰ ਨਾਖ ਤੇ ਪੰਜਾਬ ਨਾਖ ਸਖ਼ਤ ਨਾਖਾਂ ਦੀਆਂ ਕਿਸਮਾਂ ਹਨ। ਜਦੋਂ ਕਿ ਪੰਜਾਬ ਗੋਲਡ, ਪੰਜਾਬ ਨੈਕਟਰ, ਪੰਜਾਬ ਬਿਊਟੀ, ਬਗੂਗੋਸ਼ਾ, ਪੰਜਾਬ ਸੌਫ਼ਟ ਨਰਮ ਨਾਖਾਂ ਦੀਆਂ ਕਿਸਮਾਂ ਹਨ। ਪ੍ਰਤਾਪ, ਫਲੋਰੇਡਾ ਪ੍ਰਿੰਸ, ਸ਼ਾਨੇ ਪੰਜਾਬ, ਪ੍ਰਭਾਤ, ਸ਼ਰਬਤੀ ਅਤੇ ਪੰਜਾਬ ਆੜੂ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਅੰਗੂਰ ਸਾਰੇ ਪੰਜਾਬ ਵਿੱਚ ਹੀ ਹੋ ਸਕਦੇ ਹਨ। ਇਨ੍ਹਾਂ ਦੇ ਬੂਟੇ ਹੁਣ ਲਗਾ ਲੈਣੇ ਚਾਹੀਦੇ ਹਨ। ਸੁਪੀਰੀਅਲ ਸੀਡਲੈਸ, ਪੰਜਾਬ ਪਰਪਲ, ਫਲੇਮ ਸੀਡਲੈਸ, ਬਿਊਟੀ ਸੀਡਲੈਸ ਤੇ ਪਰਲਿਟ ਕਿਸਮਾਂ ਦੇ ਬੂਟੇ ਲਗਾਉਣੇ ਚਾਹੀਦੇ ਹਨ। ਅੰਜੀਰ ਅਤੇ ਅਲੂਚਾ ਦੇ ਫ਼ਲ ਵੀ ਪੰਜਾਬ ਵਿੱਚ ਹੋ ਸਕਦੇ ਹਨ। ਅੰਜੀਰ ਦੀ ਬਰਾਊਨ ਟਰਕੀ ਕਿਸਮ ਅਤੇ ਅਲੂਚੇ ਦੀਆਂ ਸਤਲੁਜ ਪਰਪਲ ਤੇ ਕਾਲਾ ਅੰਮ੍ਰਿਤਸਰੀ ਕਿਸਮਾਂ ਲਗਾਉਣੀਆਂ ਚਾਹੀਦੀਆਂ ਹਨ। ਜੇਕਰ ਵੱਡੀ ਪੱਧਰ ਉੱਤੇ ਨਹੀਂ ਤਾਂ ਘਰ ਬਗੀਚੀ ਵਿੱਚ ਦੋ ਤਿੰਨ ਪਤਝੜੀ ਬੂਟੇ ਜ਼ਰੂਰ ਲਗਾਵੋ। ਸਬਜ਼ੀਆਂ ਦੀ ਬੀਜੀ ਪਨੀਰੀ ਨੂੰ ਹੁਣ ਠੰਡ ਤੋਂ ਬਚਾਉਣ ਲਈ ਪਰਾਲੀ ਜਾਂ ਸਿਰਕੰਡੇ ਦੀਆਂ ਛੱਤਰੀਆਂ ਨਾਲ ਢੱਕ ਦੇਣਾ ਚਾਹੀਦਾ ਹੈ।



# ਟਿਕਾਊ ਖੇਤੀ ਵਿੱਚ ਐਕੁਆਪੋਨਿਕਸ ਦੀ ਮਹੱਤਤਾ

ਸੁਪ੍ਰੀਤ ਕੌਰ ਅਤੇ ਲਾਵਨਿਆ

ਐਕੁਆਕਲਚਰ ਦੁਨੀਆ ਦਾ ਸਭ ਤੋਂ ਤੇਜ਼ੀ ਨਾਲ ਵੱਧ ਰਿਹਾ ਭੋਜਨ-ਉਤਪਾਦਨ ਖੇਤਰ ਹੈ, ਜਿਸ ਵਿੱਚ ਵੱਖ-ਵੱਖ ਕਿਸਮਾਂ ਦੇ ਉਤਪਾਦਨ ਪ੍ਰਣਾਲੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਬਹੁਤ ਸਾਰੀਆਂ ਪ੍ਰਣਾਲੀਆਂ ਵਿੱਚੋਂ, ਐਕੁਆਪੋਨਿਕਸ ਨੂੰ 21ਵੀਂ ਸਦੀ ਦੇ ਸਭ ਤੋਂ ਕੁਸ਼ਲ ਅਤੇ ਵਾਤਾਵਰਣ ਪੱਖੋਂ ਟਿਕਾਊ ਤਰੀਕਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਐਕੁਆਪੋਨਿਕਸ ਲਈ ਪੰਜਾਬੀ ਵਿੱਚ ਕੋਈ ਇੱਕ ਸਿੱਧਾ ਅਤੇ ਪ੍ਰਚਲਿਤ ਸ਼ਬਦ ਨਹੀਂ ਮਿਲਦਾ, ਪਰ ਇਸਨੂੰ ਆਮ ਤੌਰ 'ਤੇ "ਜਲ-ਖੇਤੀ ਅਤੇ ਹਾਈਡ੍ਰੋਪੋਨਿਕਸ ਦਾ ਸੁਮੇਲ" ਜਾਂ ਮੱਛੀ ਪਾਲਣ ਅਤੇ ਬੂਟੇ ਬਿਨਾ ਮਿੱਟੀ ਦੇ ਉਗਾਉਣ ਦੀ ਤਕਨੀਕ ਵਜੋਂ ਵਰਣਿਤ ਕੀਤਾ ਜਾਂਦਾ ਹੈ। ਇਸ ਪ੍ਰਣਾਲੀ ਵਿੱਚ ਮੱਛੀ ਪਾਲਣ ਅਤੇ ਸੋਇਲ-ਲੈੱਸ ਪਲਾਂਟ ਗ੍ਰੋਇੰਗ ਨੂੰ ਇਕੱਠੇ ਜੋੜ ਕੇ ਇੱਕ ਟਿਕਾਊ ਖੇਤੀ ਮਾਡਲ ਤਿਆਰ ਕੀਤਾ ਜਾਂਦਾ ਹੈ। ਇਹ ਇੱਕ ਐਸੀ ਇਕੱਠੀ ਖੇਤੀ ਪ੍ਰਣਾਲੀ ਹੈ, ਜਿਸ ਵਿੱਚ ਮੱਛੀ ਪਾਲਣ ਅਤੇ ਪੌਦੇ ਉਗਾਉਣ ਨੂੰ ਇਕੱਠੇ ਜੋੜਿਆ ਜਾਂਦਾ ਹੈ। ਇਸ ਪ੍ਰਣਾਲੀ ਵਿੱਚ ਮੱਛੀਆਂ ਦੁਆਰਾ ਉਤਪੰਨ ਕੀਤੇ ਜੈਵਿਕ ਕੱਚੇ ਪਦਾਰਥ ਬੈਕਟੀਰੀਆ ਦੀ ਮਦਦ ਨਾਲ ਪੋਸ਼ਕ ਤੱਤਾਂ ਵਿੱਚ ਤਬਦੀਲ ਹੋ ਕੇ ਪੌਦਿਆਂ ਲਈ ਕੁਦਰਤੀ ਖਾਦ ਬਣਦੇ ਹਨ, ਜਦੋਂ ਕਿ ਪੌਦੇ ਪਾਣੀ ਦੀ ਸ਼ੁੱਧਤਾ ਕਾਇਮ ਰੱਖ ਕੇ ਮੱਛੀਆਂ ਲਈ ਸੁੱਚਾ ਵਾਤਾਵਰਣ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਐਕੁਆਪੋਨਿਕਸ ਇੱਕ ਟਿਕਾਊ, ਪਾਣੀ-ਬੱਚਤ ਅਤੇ ਮਿੱਤਰ ਵਰਤਣੀ ਖੇਤੀ ਤੇ ਮੱਛੀ ਪਾਲਣ ਤਕਨਾਲੋਜੀ ਹੈ। ਇਹ ਸਿਰਫ਼ ਇੱਕ ਰੀਸਰਕੁਲੇਟਿੰਗ ਸਿਸਟਮ ਵਿੱਚ ਮੱਛੀਆਂ ਅਤੇ ਪੌਦਿਆਂ ਦੀ ਸੰਯੁਕਤ ਸੰਸਕ੍ਰਿਤੀ ਹੈ। ਮੁੱਖ ਤੌਰ 'ਤੇ, ਰੀਸਰਕੁਲੇਟਰੀ ਐਕੁਆਕਲਚਰ ਸਿਸਟਮ ਪਾਣੀ ਦੇ ਮੁਕਾਬਲਤਨ ਘੱਟ ਮਾਤਰਾ ਵਿੱਚ ਮੱਛੀਆਂ ਨੂੰ ਵੱਡੀ ਮਾਤਰਾ ਵਿੱਚ ਵਧਾਉਣ ਲਈ ਤਿਆਰ ਕੀਤੇ ਗਏ ਹਨ, ਪਾਣੀ ਨੂੰ ਸੋਧ ਕੇ ਜ਼ਹਿਰੀਲੇ ਰਹਿੰਦ-ਖੂੰਹਦ ਉਤਪਾਦਾਂ ਨੂੰ ਹਟਾ ਕੇ ਅਤੇ ਮੱਛੀ ਪਾਲਣ ਲਈ ਦੁਬਾਰਾ ਵਰਤੋਂ ਵਿੱਚ ਲਿਆ ਕੇ। ਹਾਲਾਂਕਿ ਨਾਈਟ੍ਰਾਈਫਾਈਂਗ ਬੈਕਟੀਰੀਆ ਬਾਇਓਫਿਲਟਰ ਨਾਮਕ ਵਿਸ਼ੇਸ਼ ਫਿਲਟਰਾਂ ਵਿੱਚ ਜ਼ਹਿਰੀਲੇ ਅਮੋਨੀਆ ਅਤੇ ਨਾਈਟ੍ਰਾਈਟ ਨੂੰ ਘੱਟ ਜ਼ਹਿਰੀਲੇ ਨਾਈਟ੍ਰੇਟ ਵਿੱਚ ਬਦਲਦੇ ਹਨ। ਜੇਕਰ ਬਾਇਓਫਿਲਟਰ ਵਿੱਚ ਵਿਘਨ ਪੈਂਦਾ ਹੈ ਜਾਂ ਅਮੋਨੀਆ ਦਾ ਉਤਪਾਦਨ ਬਾਇਓਫਿਲਟਰ ਦੀ ਸਮਰੱਥਾ ਤੋਂ ਵੱਧ ਜਾਂਦਾ ਹੈ, ਤਾਂ ਉਹ ਮੱਛੀਆਂ ਲਈ ਨੁਕਸਾਨਦੇਹ ਪੱਧਰ ਤੱਕ ਇਕੱਠੇ ਹੋ ਸਕਦੇ ਹਨ। ਇਸ ਤੋਂ ਇਲਾਵਾ, ਨਾਈਟ੍ਰਿਫਾਈਂਗ ਬੈਕਟੀਰੀਆ ਨਾਈਟ੍ਰੇਟ ਨੂੰ ਹਟਾਉਣ ਦੇ ਅਯੋਗ ਹੁੰਦੇ ਹਨ, ਇਸ ਤਰ੍ਹਾਂ ਇਸ ਮਿਸ਼ਰਣ ਦਾ ਹੌਲੀ-ਹੌਲੀ ਪੱਧਰ ਤੱਕ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਸਦੇ ਨਕਾਰਾਤਮਕ ਪ੍ਰਭਾਵਾਂ ਨੂੰ ਘਟਾਉਣ ਲਈ ਪਾਣੀ ਦੇ ਆਦਾਨ-ਪ੍ਰਦਾਨ ਦੀ ਲੋੜ ਹੋ ਸਕਦੀ ਹੈ। ਇਹ ਉਹ ਥਾਂ ਹੈ ਜਿੱਥੇ ਪੌਦਿਆਂ ਦੁਆਰਾ ਵਰਤੋਂ ਲਈ ਜੈਵਿਕ ਪਦਾਰਥ ਨੂੰ ਹਟਾਉਣ ਅਤੇ ਮੱਛੀਆਂ ਦੁਆਰਾ ਮੁੜ ਵਰਤੋਂ ਲਈ ਪਾਣੀ ਨੂੰ ਸ਼ੁੱਧ ਕਰਨ ਲਈ ਹਾਈਡ੍ਰੋਪੋਨਿਕਸ ਨਾਲ ਏਕੀਕਰਨ ਮਹੱਤਵਪੂਰਨ ਬਣ ਜਾਂਦਾ ਹੈ। ਇਸ ਲਈ ਐਕੁਆਪੋਨਿਕਸ ਪ੍ਰਣਾਲੀ ਦੀ ਏਕੀਕ੍ਰਿਤ ਤਕਨੀਕ ਨੂੰ ਵਿਅਕਤੀਗਤ ਪ੍ਰਣਾਲੀਆਂ ਨਾਲੋਂ ਵਧੇਰੇ ਕੁਸ਼ਲ ਖੇਤੀਬਾੜੀ ਤਕਨਾਲੋਜੀ ਮੰਨਿਆ ਜਾਂਦਾ ਹੈ। ਐਕੁਆਪੋਨਿਕਸ ਪ੍ਰਣਾਲੀ ਦੀ ਵਰਤੋਂ ਨਾ ਸਿਰਫ਼ ਸਿਸਟਮ ਤੋਂ ਨਾਈਟ੍ਰੇਟ ਨੂੰ ਹਟਾਉਂਦੀ ਹੈ ਬਲਕਿ ਜ਼ਹਿਰੀਲੇ ਨਾਈਟ੍ਰੋਜਨ ਰਹਿੰਦ-ਖੂੰਹਦ ਨੂੰ ਪੌਦਿਆਂ ਦੁਆਰਾ ਵਰਤੋਂ ਯੋਗ ਰੂਪਾਂ ਵਿੱਚ ਵੀ ਬਦਲਦੀ ਹੈ ਜਿਸਨੂੰ ਕਿਸਾਨਾਂ ਵੱਲੋਂ ਵਾਧੂ ਆਮਦਨ ਪ੍ਰਾਪਤ ਕਰਨ ਲਈ ਵੇਚਿਆ ਜਾਂਦਾ ਹੈ। ਸਿੱਟੇ ਵਜੋਂ, ਇਸ ਵਿੱਚ ਘੱਟ ਪਾਣੀ ਦੀ ਵਰਤੋਂ ਕਰਨ ਦੀ ਸੰਭਾਵਨਾ ਹੈ, ਜੋ ਕਿ ਕੁੱਝ ਖੇਤਰਾਂ ਵਿੱਚ ਇੱਕ ਸੀਮਤ ਸਰੋਤ ਹੋ ਸਕਦਾ ਹੈ। ਨਾਲ ਹੀ, ਸਮੇਂ ਦੇ ਨਾਲ ਐਕੁਆਪੋਨਿਕਸ ਸਿਸਟਮ ਦੇ ਹਾਈਡ੍ਰੋਪੋਨਿਕਸ ਹਿੱਸੇ ਨੂੰ ਢੁਕਵੇਂ ਮਾਈਕ੍ਰੋਬਾਇਓਟਾਂ ਨਾਲ ਭਰ ਦਿੱਤਾ ਜਾਂਦਾ ਹੈ, ਜੋ ਬਾਇਓਫਿਲਟਰੇਸ਼ਨ ਵਿੱਚ ਮਦਦ ਕਰਦਾ ਹੈ। ਇਸ ਲਈ, ਇਹ ਰਵਾਇਤੀ ਰੀਸਰਕੁਲੇਟਿੰਗ ਸਿਸਟਮਾਂ ਵਿੱਚ ਇੱਕ ਵੱਖਰਾ ਬਾਇਓਫਿਲਟਰ ਪ੍ਰਾਪਤ ਕਰਨ ਤੋਂ ਪਰੇ ਪਾਣੀ ਸ਼ੁੱਧੀਕਰਨ ਦੀ ਕੁਸ਼ਲਤਾ ਵਿੱਚ ਸੁਧਾਰ ਕਰਦਾ ਹੈ। ਸਿੱਟੇ ਵਜੋਂ, ਐਕੁਆਪੋਨਿਕਸ ਪ੍ਰਣਾਲੀ ਦੇ ਰਵਾਇਤੀ ਰੀਸਰਕੁਲੇਟਿੰਗ ਐਕੁਆਕਲਚਰ ਅਤੇ ਖੇਤੀਬਾੜੀ ਪ੍ਰਣਾਲੀਆਂ ਨਾਲੋਂ ਕਈ ਕਿਨਾਰੇ ਹਨ। ਹਾਲਾਂਕਿ, ਐਕੁਆਪੋਨਿਕਸ ਪ੍ਰਣਾਲੀਆਂ ਲਈ ਢੁੱਕਵੀਆਂ ਪੌਦਿਆਂ ਦੀਆਂ ਕਿਸਮਾਂ ਅਤੇ ਮੱਛੀਆਂ ਦੀ ਚੋਣ ਵੱਖ-ਵੱਖ ਮਾਪਦੰਡਾਂ 'ਤੇ ਅਧਾਰਤ ਹੈ ਜਿਸ ਵਿੱਚ ਪੌਦਿਆਂ ਅਤੇ ਮੱਛੀ ਦੋਵਾਂ ਦੀ ਉੱਚ ਪੌਸ਼ਟਿਕ ਪੱਧਰਾਂ ਤੱਕ ਸਹਿਣਸ਼ੀਲਤਾ ਸਮਰੱਥਾ, ਜਗ੍ਹਾ ਦੀ ਉਪਲਬਧਤਾ ਅਤੇ ਨਾਲ ਹੀ ਨਿਸ਼ਾਨਾ ਵਸਤੂ ਦੇ ਸਾਰਾ ਸਾਲ ਉਤਪਾਦਨ ਦੀ ਸੰਭਾਵਨਾ ਸ਼ਾਮਲ ਹੈ ਪਰ ਇਹਨਾਂ ਤੱਕ ਸੀਮਿਤ ਨਹੀਂ ਹਨ।



**ਐਕੁਆਪੋਨਿਕਸ ਦੇ ਸਿਧਾਂਤ :**

ਐਕੁਆਪੋਨਿਕਸ ਇੱਕ ਟਿਕਾਊ ਭੋਜਨ ਉਤਪਾਦਨ ਪ੍ਰਣਾਲੀ ਹੈ ਜੋ ਇੱਕ ਬੰਦ-ਲੂਪ ਈਕੋਸਿਸਟਮ ਵਿੱਚ ਐਕੁਆਕਲਚਰ (ਮੱਛੀ ਪਾਲਣ) ਅਤੇ ਹਾਈਡ੍ਰੋਪੋਨਿਕਸ (ਮਿੱਟੀ ਰਹਿਤ ਪੌਦਿਆਂ ਦੀ ਕਾਸ਼ਤ) ਨੂੰ ਜੋੜਦੀ ਹੈ। ਮੁੱਖ ਸਿਧਾਂਤ ਮੱਛੀਆਂ, ਪੌਦਿਆਂ ਅਤੇ ਸੂਖਮ ਜੀਵਾਂ ਵਿਚਕਾਰ ਆਪਸੀ ਸੰਬੰਧ ਹੈ।

**1. ਪੌਸ਼ਟਿਕ ਸਾਇਕਲਿੰਗ**

★ ਮੱਛੀਆਂ ਅਮੋਨੀਆ ਨਾਲ ਭਰਪੂਰ ਰਹਿੰਦ-ਖੂੰਹਦ ਪੈਦਾ ਕਰਦੀਆਂ ਹਨ।

★ ਲਾਭਦਾਇਕ ਨਾਈਟਰਾਈਫਾਈ ਕਰਨ ਵਾਲੇ ਬੈਕਟੀਰੀਆ (ਮੁੱਖ ਤੌਰ 'ਤੇ ਨਾਈਟ੍ਰੋਸੋਮੋਨਸ ਅਤੇ ਨਾਈਟ੍ਰੋਬੈਕਟਰ) ਅਮੋਨੀਆ ਨੂੰ ਪਹਿਲਾਂ ਨਾਈਟ੍ਰਾਈਟਸ ਅਤੇ ਫਿਰ ਨਾਈਟ੍ਰੇਟਸ ਵਿੱਚ ਬਦਲਦੇ ਹਨ।

★ ਨਾਈਟ੍ਰੇਟਸ ਪੌਦਿਆਂ ਲਈ ਇੱਕ ਮੁੱਖ ਪੌਸ਼ਟਿਕ ਸਰੋਤ ਵਜੋਂ ਕੰਮ ਕਰਦੇ ਹਨ।

**2. ਪੌਦਿਆਂ ਦਾ ਗ੍ਰਹਿਣ**

★ ਪੌਦੇ ਪਾਣੀ ਵਿੱਚੋਂ ਘੁਲਣਸ਼ੀਲ ਪੌਸ਼ਟਿਕ ਤੱਤ (ਮੁੱਖ ਤੌਰ 'ਤੇ ਨਾਈਟ੍ਰੇਟ, ਫਾਸਫੋਰਸ ਅਤੇ ਪੋਟਾਸ਼ੀਅਮ) ਸੋਖ ਲੈਂਦੇ ਹਨ।

★ ਇਹ ਪ੍ਰਕਿਰਿਆ ਜ਼ਹਿਰੀਲੇ ਮਿਸ਼ਰਣਾਂ ਨੂੰ ਹਟਾਉਂਦੀ ਹੈ ਅਤੇ ਮੱਛੀਆਂ ਲਈ ਪਾਣੀ ਨੂੰ ਸ਼ੁੱਧ ਕਰਨ ਵਿੱਚ ਮਦਦ ਕਰਦੀ ਹੈ।

**3. ਸੂਖਮ ਜੀਵਾਂ ਦੀ ਭੂਮਿਕਾ**

★ ਬਾਇਓਫਿਲਟਰ ਜਾਂ ਗ੍ਰੋਅ ਬੈੱਡ ਵਿੱਚ ਰੋਗਾਣੂ ਨਾਈਟ੍ਰੀਫਿਕੇਸ਼ਨ ਅਤੇ ਖਣਿਜੀ ਕਰਨ ਲਈ ਜ਼ਰੂਰੀ ਹਨ।

★ ਉਹ ਜੈਵਿਕ ਪਦਾਰਥ (ਨਹੀਂ ਖਾਧਾ ਜਾਣ ਵਾਲਾ ਫੀਡ, ਮੱਛੀ ਦਾ ਮਲ, ਪੌਦਿਆਂ ਦੇ ਮਲਬੇ) ਨੂੰ ਪੌਦਿਆਂ ਦੁਆਰਾ ਵਰਤੋਂ ਯੋਗ ਰੂਪਾਂ ਵਿੱਚ ਤੋੜ ਦਿੰਦੇ ਹਨ।

**4. ਪਾਣੀ ਦਾ ਪੁਨਰ ਸੰਚਾਰ**

★ ਇਹ ਸਿਸਟਮ ਮੱਛੀਆਂ ਦੇ ਟੈਂਕਾਂ ਅਤੇ ਪੌਦਿਆਂ ਦੇ ਬਿਸਤਰਿਆਂ ਵਿਚਕਾਰ ਪਾਣੀ ਨੂੰ ਲਗਾਤਾਰ ਰੀਸਾਈਕਲ ਕਰਦਾ ਹੈ।

★ ਇਹ ਰਵਾਇਤੀ ਖੇਤੀ ਦੇ ਮੁਕਾਬਲੇ ਕੁੱਲ ਪਾਣੀ ਦੀ ਖਪਤ ਨੂੰ 90% ਤੱਕ ਘਟਾਉਂਦਾ ਹੈ।



**5. ਸਹਿ-ਜੀਵ ਸੰਬੰਧ**

★ ਮੱਛੀਆਂ ਪੌਦਿਆਂ ਲਈ ਪੌਸ਼ਟਿਕ ਤੱਤ ਪ੍ਰਦਾਨ ਕਰਦੀਆਂ ਹਨ।

★ ਪੌਦੇ ਪਾਣੀ ਨੂੰ ਸਾਫ਼ ਅਤੇ ਫਿਲਟਰ ਕਰਦੇ ਹਨ।

★ ਬੈਕਟੀਰੀਆ ਵਿਚੋਲੇ ਵਜੋਂ ਕੰਮ ਕਰਦੇ ਹਨ, ਰਹਿੰਦ-ਖੂੰਹਦ ਨੂੰ ਪੌਦਿਆਂ ਲਈ ਉਪਲਬਧ ਪੌਸ਼ਟਿਕ ਤੱਤਾਂ ਵਿੱਚ ਬਦਲਦੇ ਹਨ।

**6. ਸੰਤੁਲਨ ਅਤੇ ਸਥਿਰਤਾ**

★ ਇੱਕ ਸਥਿਰ ਐਕੁਆਪੋਨਿਕ ਪ੍ਰਣਾਲੀ ਲਈ ਮੱਛੀਆਂ ਦੇ ਭੰਡਾਰਨ ਦੀ ਘਣਤਾ, ਪੌਦਿਆਂ ਤੋਂ ਮੱਛੀ ਅਨੁਪਾਤ, ਖੁਰਾਕ ਦਰ ਅਤੇ ਪਾਣੀ ਦੀ ਗੁਣਵੱਤਾ (pH ਤਾਪਮਾਨ, ਘੁਲਿਆ ਹੋਇਆ ਆਕਸੀਜਨ) ਦੇ ਧਿਆਨ ਨਾਲ ਪ੍ਰਬੰਧਨ ਦੀ ਲੋੜ ਹੁੰਦੀ ਹੈ।

★ ਮੱਛੀਆਂ, ਪੌਦਿਆਂ ਅਤੇ ਰੋਗਾਣੂਆਂ ਵਿੱਚ ਸੰਤੁਲਨ ਲੰਬੇ ਸਮੇਂ ਦੀ ਉਤਪਾਦਕਤਾ ਅਤੇ ਸਥਿਰਤਾ ਨੂੰ ਯਕੀਨੀ ਬਣਾਉਂਦਾ ਹੈ।

**ਐਕੁਆਪੋਨਿਕਸ ਵਿੱਚ ਮੱਛੀ ਦੀ ਭੂਮਿਕਾ**

ਐਕੁਆਪੋਨਿਕਸ ਵਿੱਚ ਮੱਛੀ ਦੀ ਭੂਮਿਕਾ ਬੁਨਿਆਦੀ ਹੈ, ਜੋ ਕਿ ਪੌਦਿਆਂ ਨਾਲ ਇੱਕ ਸਹਿਜੀਵ ਸੰਬੰਧ ਦਾ ਅਧਾਰ ਬਣਾਉਂਦੀ ਹੈ ਜੋ ਇਸ ਟਿਕਾਊ ਖੇਤੀ ਵਿਧੀ ਨੂੰ ਦਰਸਾਉਂਦੀ ਹੈ।

**1. ਮੱਛੀਆਂ ਦੀਆਂ ਕਿਸਮਾਂ ਦੀ ਚੋਣ** : ਐਕੁਆਪੋਨਿਕਸ ਵਿੱਚ ਮੱਛੀਆਂ ਦੀਆਂ ਕਿਸਮਾਂ ਦੀ ਚੋਣ ਇੱਕ ਮਹੱਤਵਪੂਰਨ ਫੈਸਲਾ ਹੈ, ਜਿਸ ਵਿੱਚ ਸਿਸਟਮ ਦੇ ਅਨੁਕੂਲਤਾ, ਵਿਕਾਸ ਦਰ ਅਤੇ ਪੌਦਿਆਂ ਦੀਆਂ ਜ਼ਰੂਰਤਾਂ ਦੇ ਅਨੁਕੂਲਤਾ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਤਿਲਪੀਆ, ਟਰਾਉਟ ਅਤੇ ਕੈਟਫਿਸ਼ ਆਮ ਤੌਰ 'ਤੇ ਵਰਤੀਆਂ ਜਾਣ ਵਾਲੀਆਂ ਪ੍ਰਜਾਤੀਆਂ ਵਿੱਚੋਂ ਹਨ ਕਿਉਂਕਿ ਉਨ੍ਹਾਂ ਦੀ ਲਚਕਤਾ ਅਤੇ ਐਕੁਆਪੋਨਿਕ ਵਾਤਾਵਰਣ ਵਿੱਚ ਵੱਧਣ-ਫੁੱਲਣ ਦੀ ਯੋਗਤਾ ਹੈ।

**2. ਮੱਛੀ ਸਿਹਤ ਅਤੇ ਪ੍ਰਬੰਧਨ** : ਐਕੁਆਪੋਨਿਕਸ ਪ੍ਰਣਾਲੀ ਦੀ ਸਫ਼ਲਤਾ ਲਈ ਅਨੁਕੂਲ ਮੱਛੀ ਸਿਹਤ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਹਾਲੀਆ ਖੋਜ ਪਾਣੀ ਦੀ ਗੁਣਵੱਤਾ ਦੀ ਨਿਗਰਾਨੀ, ਸਹੀ ਪੋਸ਼ਣ ਨੂੰ ਯਕੀਨੀ ਬਣਾਉਣ ਅਤੇ ਬਿਮਾਰੀ ਰੋਕਥਾਮ ਉਪਾਵਾਂ ਨੂੰ ਲਾਗੂ ਕਰਨ ਦੇ ਮਹੱਤਵ 'ਤੇ ਜ਼ੋਰ ਦਿੰਦੀ ਹੈ। ਕਿਰਿਆਸ਼ੀਲ ਪ੍ਰਬੰਧਨ ਅਭਿਆਸ ਮੱਛੀ ਦੀ ਆਬਾਦੀ ਦੀ ਤੰਦਰੁਸਤੀ ਅਤੇ ਐਕੁਆਪੋਨਿਕ ਈਕੋਸਿਸਟਮ ਦੀ ਸਮੁੱਚੀ ਸਥਿਰਤਾ ਵਿੱਚ ਯੋਗਦਾਨ ਪਾਉਂਦੇ ਹਨ।

**3. ਮੱਛੀ ਫੀਡ ਅਤੇ ਪੋਸ਼ਣ** : ਮੱਛੀ ਦੀਆਂ ਪੌਸ਼ਟਿਕ ਜ਼ਰੂਰਤਾਂ ਐਕੁਆਪੋਨਿਕ ਪ੍ਰਣਾਲੀ ਦੇ ਪੌਸ਼ਟਿਕ ਤੱਤਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਤ ਕਰਦੀਆਂ ਹਨ। ਹਾਲੀਆ ਅਧਿਐਨ ਪੌਦਿਆਂ ਦੇ ਵਿਕਾਸ ਲਈ ਜ਼ਰੂਰੀ ਪੌਸ਼ਟਿਕ ਤੱਤ ਪ੍ਰਦਾਨ ਕਰਦੇ ਹੋਏ ਮੱਛੀ ਦੀਆਂ ਖੁਰਾਕ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸੰਤੁਲਿਤ ਅਤੇ ਟਿਕਾਊ ਮੱਛੀ ਫੀਡ ਤਿਆਰ ਕਰਨ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ। ਇਹ ਪਹੁੰਚ ਐਕੁਆਪੋਨਿਕਸ ਪ੍ਰਣਾਲੀ ਦੀ ਸਮੁੱਚੀ ਕੁਸ਼ਲਤਾ ਅਤੇ ਉਤਪਾਦਕਤਾ ਵਿੱਚ ਯੋਗਦਾਨ ਪਾਉਂਦੀ ਹੈ।

**4. ਸਟਾਕਿੰਗ ਘਣਤਾ** : ਭੀੜ ਨੂੰ ਰੋਕਣ ਲਈ ਸਰਵੋਤਮ ਸਟਾਕਿੰਗ ਘਣਤਾ ਬਹੁਤ ਜ਼ਰੂਰੀ ਹੈ, ਜਿਸ ਨਾਲ ਤਣਾਅ, ਬਿਮਾਰੀ ਅਤੇ ਪਾਣੀ ਦੀ ਗੁਣਵੱਤਾ ਵਿੱਚ ਸਮਝੌਤਾ ਹੋ ਸਕਦਾ ਹੈ। ਹਾਲੀਆ ਖੋਜ ਪੌਸ਼ਟਿਕ ਉਤਪਾਦਨ ਅਤੇ ਵੰਡ ਵਰਗੇ ਕਾਰਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਟਾਕਿੰਗ ਘਣਤਾ ਅਤੇ ਸਿਸਟਮ ਪ੍ਰਦਰਸ਼ਨ ਵਿਚਕਾਰ ਸਬੰਧਾਂ ਦੀ ਪੜਚੋਲ ਕਰਦੀ ਹੈ। ਐਕੁਆਪੋਨਿਕ ਈਕੋਸਿਸਟਮ ਦੀ ਇਕਸੁਰਤਾ ਲਈ ਇੱਕ ਢੁੱਕਵਾਂ ਸੰਤੁਲਨ ਪ੍ਰਾਪਤ ਕਰਨਾ ਜ਼ਰੂਰੀ ਹੈ।

**ਐਕੁਆਪੋਨਿਕਸ ਵਿੱਚ ਪੌਦੇ :**

**1. ਪੌਦਿਆਂ ਦੀਆਂ ਕਿਸਮਾਂ ਦੀ ਚੋਣ** : ਐਕੁਆਪੋਨਿਕਸ ਵਿੱਚ ਪੌਦਿਆਂ ਦੀਆਂ ਕਿਸਮਾਂ ਦੀ ਚੋਣ ਇੱਕ ਮਹੱਤਵਪੂਰਨ ਪਹਿਲੂ ਹੈ ਜੋ ਏਕੀਕ੍ਰਿਤ ਪ੍ਰਣਾਲੀ ਦੀ ਸਮੁੱਚੀ ਸਫਲਤਾ ਅਤੇ ਕੁਸ਼ਲਤਾ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦਾ ਹੈ।

ਬਾਕੀ ਸਫਾ 10 'ਤੇ

ਕਿਸਾਨਾਂ ਦੀ ਆਵਾਜ਼

# ਖੇਤੀ ਦੁਨੀਆਂ

ਹੈਡ ਆਫਿਸ : ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨਜ਼ਦੀਕ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575
ਈ-ਮੇਲ : khetiduniyan1983@gmail.com



# 2026

## JANUARY ਜਨਵਰੀ

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## FEBRUARY ਫਰਵਰੀ

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |

## MARCH ਮਾਰਚ

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

## APRIL ਅਪ੍ਰੈਲ

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

## MAY ਮਈ

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

## JUNE ਜੂਨ

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## JULY ਜੁਲਾਈ

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## AUGUST ਅਗਸਤ

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

## SEPTEMBER ਸਤੰਬਰ

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

## OCTOBER ਅਕਤੂਬਰ

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## NOVEMBER ਨਵੰਬਰ

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## DECEMBER ਦਸੰਬਰ

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

ਪੂਰਨਮਾਸੀ | ਸੰਗਰਾਂਦ | ਮੱਸਿਆ | ਪੰਚਮੀ | ਦਸਮੀ

## ਸਾਲ 2026 ਪੰਜਾਬ ਸਰਕਾਰ ਵੱਲੋਂ ਘੋਸ਼ਿਤ ਗਜ਼ਟਿਡ ਛੁੱਟੀਆਂ

| | |
|---|---|
| ਗਣਤੰਤਰ ਦਿਵਸ | 26 ਜਨਵਰੀ (ਸੋਮਵਾਰ) |
| ਜਨਮ ਦਿਨ ਭਗਤ ਗੁਰੂ ਰਵਿਦਾਸ ਜੀ | 1 ਫਰਵਰੀ (ਐਤਵਾਰ) |
| ਮਹਾਂ ਸ਼ਿਵਰਾਤਰੀ | 15 ਫਰਵਰੀ (ਐਤਵਾਰ) |
| ਹੋਲੀ | 4 ਮਾਰਚ (ਬੁੱਧਵਾਰ) |
| ਈਦ-ਉੱਲ-ਫਿੱਤਰ | 21 ਮਾਰਚ (ਸ਼ਨੀਵਾਰ) |
| ਸ਼ਹੀਦੀ ਦਿਵਸ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਜੀ | 23 ਮਾਰਚ (ਸੋਮਵਾਰ) |
| ਸ਼੍ਰੀਰਾਮ ਨੌਮੀ | 26 ਮਾਰਚ (ਵੀਰਵਾਰ) |
| ਮਹਾਂਵੀਰ ਜੈਯੰਤੀ | 31 ਮਾਰਚ (ਮੰਗਲਵਾਰ) |
| ਗੁੱਡ ਫਰਾਈਡੇ | 3 ਅਪ੍ਰੈਲ (ਸ਼ੁੱਕਰਵਾਰ) |
| ਜਨਮ ਦਿਵਸ ਸ੍ਰੀ ਗੁਰੂ ਨਾਭਾ ਦਾਸ ਜੀ | 8 ਅਪ੍ਰੈਲ (ਬੁੱਧਵਾਰ) |
| ਵਿਸਾਖੀ | 14 ਅਪ੍ਰੈਲ (ਮੰਗਲਵਾਰ) |
| ਜਨਮ ਦਿਨ ਡਾ: ਬੀ.ਆਰ. ਅੰਬੇਡਕਰ | 14 ਅਪ੍ਰੈਲ (ਮੰਗਲਵਾਰ) |
| ਭਗਵਾਨ ਪਰਸ਼ੂ ਰਾਮ ਜੈਯੰਤੀ | 19 ਅਪ੍ਰੈਲ (ਐਤਵਾਰ) |
| ਮਈ ਦਿਵਸ (ਮਜ਼ਦੂਰ ਦਿਵਸ) | 1 ਮਈ (ਸ਼ੁੱਕਰਵਾਰ) |
| ਈਦ-ਉਦ-ਜ਼ੁਹਾ (ਬਕਰੀਦ) | 27 ਮਈ (ਬੁੱਧਵਾਰ) |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 18 ਜੂਨ (ਵੀਰਵਾਰ) |
| ਭਗਤ ਕਬੀਰ ਜੈਯੰਤੀ | 29 ਜੂਨ (ਸੋਮਵਾਰ) |
| ਸ਼ਹੀਦੀ ਦਿਹਾੜਾ ਸ਼ਹੀਦ ਊਧਮ ਸਿੰਘ | 31 ਜੁਲਾਈ (ਸ਼ੁੱਕਰਵਾਰ) |
| ਸੁਤੰਤਰਤਾ ਦਿਵਸ | 15 ਅਗਸਤ (ਸ਼ਨੀਵਾਰ) |
| ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ | 4 ਸਤੰਬਰ (ਸ਼ੁੱਕਰਵਾਰ) |
| ਜਨਮ ਦਿਵਸ ਮਹਾਤਮਾ ਗਾਂਧੀ | 2 ਅਕਤੂਬਰ (ਸ਼ੁੱਕਰਵਾਰ) |
| ਮਹਾਰਾਜਾ ਅਗਰਸੈਨ ਜੈਯੰਤੀ | 11 ਅਕਤੂਬਰ (ਐਤਵਾਰ) |
| ਦੁਸਹਿਰਾ | 20 ਅਕਤੂਬਰ (ਵੀਰਵਾਰ) |
| ਜਨਮ ਦਿਵਸ ਮਹਾਰਿਸ਼ੀ ਵਾਲਮੀਕਿ ਜੀ | 26 ਅਕਤੂਬਰ (ਸੋਮਵਾਰ) |
| ਦੀਵਾਲੀ | 8 ਨਵੰਬਰ (ਐਤਵਾਰ) |
| ਵਿਸ਼ਵਕਰਮਾ ਦਿਵਸ | 9 ਨਵੰਬਰ (ਸੋਮਵਾਰ) |
| ਸ਼ਹੀਦੀ ਦਿਵਸ ਸ: ਕਰਤਾਰ ਸਿੰਘ ਸਰਾਭਾ ਜੀ | 16 ਨਵੰਬਰ (ਸੋਮਵਾਰ) |
| ਗੁਰਪੁਰਬ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ | 24 ਨਵੰਬਰ (ਮੰਗਲਵਾਰ) |
| ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਜੀ | 14 ਦਸੰਬਰ (ਸੋਮਵਾਰ) |
| ਕ੍ਰਿਸਮਿਸ ਦਿਵਸ | 25 ਦਸੰਬਰ (ਸ਼ੁੱਕਰਵਾਰ) |
| ਸ਼ਹੀਦੀ ਸਭਾ ਸ੍ਰੀ ਫਤਹਿਗੜ੍ਹ ਸਾਹਿਬ | 28 ਦਸੰਬਰ (ਸੋਮਵਾਰ) |


ਬਾਕੀ ਸਫਾ 7 ਦੀ

# ਐਕੁਆਪੋਨਿਕਸ ਦੀ ਮਹੱਤਤਾ



**2. ਪੌਦਿਆਂ ਦੀ ਚੋਣ ਵਿੱਚ ਵਿਭਿੰਨਤਾ** : ਐਕੁਆਪੋਨਿਕਸ ਪੌਦਿਆਂ ਦੀਆਂ ਕਿਸਮਾਂ ਦੀ ਇੱਕ ਵਿਸ਼ਾਲ ਕਿਸਮ ਨੂੰ ਅਨੁਕੂਲ ਬਣਾਉਂਦਾ ਹੈ, ਜਿਸ ਵਿੱਚ ਪੱਤੇਦਾਰ ਹਰੇ ਤੋਂ ਲੈ ਕੇ ਫਲ ਦੇਣ ਵਾਲੇ ਪੌਦੇ ਸ਼ਾਮਲ ਹਨ। ਨਵੀਨਤਮ ਖੋਜ ਪੌਸ਼ਟਿਕ ਤੱਤਾਂ ਦੀ ਵਰਤੋਂ ਅਤੇ ਪ੍ਰਣਾਲੀ ਦੀ ਉਤਪਾਦਕਤਾ ਨੂੰ ਅਨੁਕੂਲ ਬਣਾਉਣ ਲਈ ਪੌਦਿਆਂ ਦੀ ਚੋਣ ਵਿੱਚ ਵਿਭਿੰਨਤਾ ਦੇ ਮਹੱਤਵ 'ਤੇ ਜ਼ੋਰ ਦਿੰਦੀ ਹੈ। ਪੱਤੇਦਾਰ ਹਰੇ ਜਿਵੇਂ ਕਿ ਸਲਾਦ, ਤੁਲਸੀ ਵਰਗੀਆਂ ਜੜ੍ਹੀਆਂ ਬੂਟੀਆਂ ਅਤੇ ਫਲ ਦੇਣ ਵਾਲੇ ਪੌਦੇ ਜਿਨ੍ਹਾਂ ਵਿੱਚ ਟਮਾਟਰ ਸ਼ਾਮਲ ਹਨ, ਆਮ ਤੌਰ 'ਤੇ ਮੱਛੀ ਦੁਆਰਾ ਪ੍ਰਦਾਨ ਕੀਤੇ ਗਏ ਪੌਸ਼ਟਿਕ ਤੱਤਾਂ ਨਾਲ ਭਰਪੂਰ ਪਾਣੀ ਨਾਲ ਅਨੁਕੂਲਤਾ ਲਈ ਚੁਣੇ ਜਾਂਦੇ ਹਨ।

**3. ਵਿਕਾਸ ਵਿਸ਼ੇਸ਼ਤਾਵਾਂ 'ਤੇ ਵਿਚਾਰ** : ਵੱਖ-ਵੱਖ ਪੌਦਿਆਂ ਦੀਆਂ ਕਿਸਮਾਂ ਵੱਖੋ-ਵੱਖਰੀਆਂ ਵਿਕਾਸ ਵਿਸ਼ੇਸ਼ਤਾਵਾਂ ਪ੍ਰਦਰਸ਼ਿਤ ਕਰਦੀਆਂ ਹਨ, ਜਿਸ ਵਿੱਚ ਵਿਕਾਸ ਦਰ, ਜੜ੍ਹਾਂ ਦੀਆਂ ਬਣਤਰਾਂ ਅਤੇ ਪੌਸ਼ਟਿਕ ਜ਼ਰੂਰਤਾਂ ਸ਼ਾਮਲ ਹਨ। ਹਾਲੀਆ ਅਧਿਐਨ ਇੱਕ ਸੰਤੁਲਿਤ ਅਤੇ ਇੱਕਸੁਰ ਐਕੁਆਪੋਨਿਕ ਈਕੋਸਿਸਟਮ ਪ੍ਰਾਪਤ ਕਰਨ ਲਈ ਪੌਦਿਆਂ ਦੀ ਚੋਣ ਦੌਰਾਨ ਇਹਨਾਂ ਕਾਰਕਾਂ 'ਤੇ ਵਿਚਾਰ ਕਰਨ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ। ਚੁਣੀਆਂ ਗਈਆਂ ਪੌਦਿਆਂ ਦੀਆਂ ਕਿਸਮਾਂ ਦੀਆਂ ਖਾਸ ਜ਼ਰੂਰਤਾਂ ਨੂੰ ਸਮਝਣਾ ਕੁਸ਼ਲ ਪੌਸ਼ਟਿਕ ਉਪਯੋਗਤਾ ਅਤੇ ਸਮੁੱਚੀ ਪ੍ਰਣਾਲੀ ਦੀ ਸਿਹਤ ਵਿੱਚ ਯੋਗਦਾਨ ਪਾਉਂਦਾ ਹੈ।



**4. ਪੌਸ਼ਟਿਕ ਤੱਤਾਂ ਦੀਆਂ ਲੋੜਾਂ** : ਐਕੁਆਪੋਨਿਕ ਪ੍ਰਣਾਲੀ ਦੀ ਪੌਸ਼ਟਿਕ ਸਮੱਗਰੀ ਚੁਣੀਆਂ ਗਈਆਂ ਪੌਦਿਆਂ ਦੀਆਂ ਕਿਸਮਾਂ ਦੀਆਂ ਪੌਸ਼ਟਿਕ ਜ਼ਰੂਰਤਾਂ ਨਾਲ ਗੁੰਝਲਦਾਰ ਢੰਗ ਨਾਲ ਜੁੜੀ ਹੋਈ ਹੈ। ਇਹ ਨਿਸ਼ਾਨਾਬੱਧ ਪਹੁੰਚ ਇਹ ਯਕੀਨੀ ਬਣਾਉਂਦੀ ਹੈ ਕਿ ਪੌਦਿਆਂ ਨੂੰ ਮਜ਼ਬੂਤ ਵਿਕਾਸ ਲਈ ਲੋੜੀਂਦੇ ਜ਼ਰੂਰੀ ਪੌਸ਼ਟਿਕ ਤੱਤ ਪ੍ਰਾਪਤ ਹੋਣ ਨਾਲ ਹੀ ਐਕੁਆਪੋਨਿਕ ਪ੍ਰਣਾਲੀ ਵਿੱਚ ਪਾਣੀ ਦੀ ਸ਼ੁੱਧਤਾ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

**5. ਐਕੁਆਪੋਨਿਕ ਸਥਿਤੀਆਂ ਲਈ ਅਨੁਕੂਲਤਾ** : ਕੁੱਝ ਪੌਦਿਆਂ ਦੀਆਂ ਕਿਸਮਾਂ ਐਕੁਆਪੋਨਿਕ ਵਾਤਾਵਰਨ ਲਈ ਵਧੇਰੇ ਅਨੁਕੂਲਤਾ ਪ੍ਰਦਰਸ਼ਿਤ ਕਰਦੀਆਂ ਹਨ, ਪਾਣੀ ਦੀ ਗੁਣਵੱਤਾ ਅਤੇ ਪੌਸ਼ਟਿਕ ਤੱਤਾਂ ਦੇ ਪੱਧਰਾਂ ਵਿੱਚ ਉਤਰਾਅ-ਚੜ੍ਹਾਅ ਪ੍ਰਤੀ ਲਚਕੀਲਾਪਨ ਦਿਖਾਉਂਦੀਆਂ ਹਨ। ਐਕੁਆਪੋਨਿਕਸ ਖੋਜ ਵਿੱਚ ਹਾਲੀਆ ਤਰੱਕੀਆਂ ਪੌਦਿਆਂ ਦੀਆਂ ਕਿਸਮਾਂ ਦੀ ਪਛਾਣ ਕਰਨ ਅਤੇ ਚੁਣਨ ਵਿੱਚ ਡੂੰਘਾਈ ਨਾਲ ਖੋਜ ਕਰਦੀਆਂ ਹਨ ਜੋ ਇਹਨਾਂ ਸਥਿਤੀਆਂ ਵਿੱਚ ਵੱਧਦੀਆਂ-ਫੁੱਲਦੀਆਂ ਹਨ, ਸਮੁੱਚੇ ਸਿਸਟਮ ਦੀ ਸਥਿਰਤਾ ਅਤੇ ਸਥਿਰਤਾ ਵਿੱਚ ਯੋਗਦਾਨ ਪਾਉਂਦੀਆਂ ਹਨ।

**6. ਵੱਧ ਰਹੀ ਮੀਡੀਆ ਰਚਨਾ** : ਵੱਧ ਰਹੀ ਮੀਡੀਆ ਐਕੁਆਪੋਨਿਕਸ ਦੇ ਸਹਿਜੀਵ ਖੇਤਰ ਦੇ ਅੰਦਰ, ਪੌਦਿਆਂ ਦੀ ਕਾਸ਼ਤ ਢੁਕਵੇਂ ਵੱਧ ਰਹੀ ਮੀਡੀਆ ਦੀ ਚੋਣ ਨਾਲ ਗੁੰਝਲਦਾਰ ਤੌਰ 'ਤੇ ਜੁੜੀ ਹੋਈ ਹੈ। ਐਕੁਆਪੋਨਿਕਸ ਵਿੱਚ ਵੱਧ ਰਹੀ ਮੀਡੀਆ ਪੌਦਿਆਂ ਦੀਆਂ ਜੜ੍ਹਾਂ ਲਈ ਲੰਗਰ ਵਜੋਂ ਕੰਮ ਕਰਦਾ ਹੈ ਅਤੇ ਪੌਸ਼ਟਿਕ ਤੱਤਾਂ ਨੂੰ ਸੋਖਣ ਦੀ ਸਹੂਲਤ ਦਿੰਦਾ ਹੈ। ਆਮ ਤੌਰ 'ਤੇ ਵਰਤੇ ਜਾਣ ਵਾਲੇ ਮੀਡੀਆ ਵਿੱਚ ਬੱਜਰੀ, ਫੈਲੀ ਹੋਈ ਮਿੱਟੀ ਦੀਆਂ ਗੋਲੀਆਂ ਅਤੇ ਨਾਰੀਅਲ ਕੋਇਰ ਸ਼ਾਮਲ ਹਨ। ਪੌਦਿਆਂ ਦੀਆਂ ਖਾਸ ਜ਼ਰੂਰਤਾਂ ਅਨੁਸਾਰ ਵੱਧ ਰਹੀ ਮੀਡੀਆ ਨੂੰ ਤਿਆਰ ਕਰਨ ਨਾਲ ਵਿਕਾਸ ਵਿੱਚ ਸੁਧਾਰ ਅਤੇ ਸਮੁੱਚੀ ਸਿਸਟਮ ਕੁਸ਼ਲਤਾ ਵਿੱਚ ਯੋਗਦਾਨ ਪੈਂਦਾ ਹੈ।

**★ ਐਕੁਆਪੋਨਿਕਸ ਵਿੱਚ ਪਾਣੀ ਦੀ ਗੁਣਵੱਤਾ ਪ੍ਰਬੰਧਨ :**

ਏਕੀਕ੍ਰਿਤ ਪ੍ਰਣਾਲੀ ਦੇ ਅੰਦਰ ਮੱਛੀਆਂ ਅਤੇ ਪੌਦਿਆਂ ਦੋਵਾਂ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਐਕੁਆਪੋਨਿਕਸ ਵਿੱਚ ਪ੍ਰਭਾਵਸ਼ਾਲੀ ਪਾਣੀ ਦੀ ਗੁਣਵੱਤਾ ਪ੍ਰਬੰਧਨ ਬਹੁਤ ਮਹੱਤਵਪੂਰਨ ਹੈ। ਹਾਲੀਆ ਖੋਜ ਪਾਣੀ ਦੀ ਗੁਣਵੱਤਾ ਪ੍ਰਬੰਧਨ ਲਈ ਮੁੱਖ ਮਾਪਦੰਡਾਂ ਵਿੱਚ ਸੂਝ ਪ੍ਰਦਾਨ ਕਰਦੀ ਹੈ, ਜਿਸ ਵਿੱਚ pH ਨਿਯਮਨ, ਅਮੋਨੀਆ, ਨਾਈਟ੍ਰਾਈਟ ਅਤੇ ਨਾਈਟ੍ਰੇਟ ਪੱਧਰਾਂ ਦੀ ਨਿਗਰਾਨੀ, ਤਾਪਮਾਨ ਨਿਯੰਤਰਣ ਅਤੇ ਢੁਕਵੇਂ ਘੁਲਣਸ਼ੀਲ ਆਕਸੀਜਨ ਪੱਧਰਾਂ ਨੂੰ ਬਣਾਈ ਰੱਖਣਾ ਸ਼ਾਮਲ ਹੈ।

**1. pH ਨਿਯਮ**

ਮੱਛੀ ਦੀ ਸਿਹਤ ਅਤੇ ਪੌਦਿਆਂ ਲਈ ਪੌਸ਼ਟਿਕ ਤੱਤਾਂ ਦੀ ਉਪਲਬਧਤਾ ਲਈ ਅਨੁਕੂਲ pH ਪੱਧਰ ਨੂੰ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਸਿਫ਼ਾਰਸ਼ ਕੀਤੀ ਸੀਮਾ ਤੋਂ ਬਾਹਰ pH ਮੁੱਲ ਪੌਸ਼ਟਿਕ ਸਮਾਈ ਨੂੰ ਪ੍ਰਭਾਵਤ ਕਰ ਸਕਦੇ ਹਨ ਅਤੇ ਐਕੁਆਪੋਨਿਕਸ ਪ੍ਰਣਾਲੀ ਵਿੱਚ ਜੈਵਿਕ ਪ੍ਰਕਿਰਿਆਵਾਂ ਨੂੰ ਪ੍ਰਭਾਵਤ ਕਰ ਸਕਦੇ ਹਨ। ਹਾਲੀਆ ਅਧਿਐਨ ਮੱਛੀਆਂ ਅਤੇ ਪੌਦਿਆਂ ਦੋਵਾਂ ਲਈ ਇੱਕ ਸਥਿਰ ਅਤੇ ਅਨੁਕੂਲ ਵਾਤਾਵਰਨ ਬਣਾਉਣ ਲਈ ਨਿਯਮਤ ਨਿਗਰਾਨੀ ਅਤੇ ਸਹੀ pH ਨਿਯਮਨ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ।

**2. ਅਮੋਨੀਆ, ਨਾਈਟ੍ਰਾਈਟ ਅਤੇ ਨਾਈਟ੍ਰੇਟ ਦੇ ਪੱਧਰ** : ਅਮੋਨੀਆ ਮੱਛੀ ਦੇ ਕੂੜੇ-ਕਰਕਟ ਦੁਆਰਾ ਪੈਦਾ ਹੁੰਦਾ ਹੈ ਅਤੇ ਪੌਦਿਆਂ ਲਈ ਪੌਸ਼ਟਿਕ ਸਰੋਤ ਵਜੋਂ ਕੰਮ ਕਰਦਾ ਹੈ। ਹਾਲਾਂਕਿ, ਉੱਚ ਅਮੋਨੀਆ ਦਾ ਪੱਧਰ ਮੱਛੀਆਂ ਲਈ ਨੁਕਸਾਨਦੇਹ ਹੋ ਸਕਦਾ ਹੈ। ਲਾਭਦਾਇਕ ਬੈਕਟੀਰੀਆ ਨੂੰ ਨਾਈਟ੍ਰਾਈਟਸ ਅਤੇ ਫਿਰ ਨਾਈਟ੍ਰੇਟਸ ਵਿੱਚ ਬਦਲਦੇ ਹਨ। ਮੱਛੀਆਂ ਨੂੰ ਜ਼ਹਿਰੀਲੇਪਣ ਤੋਂ ਰੋਕਣ ਲਈ ਪੌਦਿਆਂ ਲਈ ਢੁਕਵੀਂ ਪੌਸ਼ਟਿਕ ਸਪਲਾਈ ਨੂੰ ਯਕੀਨੀ ਬਣਾਉਣ ਲਈ ਇਹਨਾਂ ਪੱਧਰਾਂ ਦੀ ਨਿਗਰਾਨੀ ਕਰਨਾ ਬਹੁਤ ਜ਼ਰੂਰੀ ਹੈ।

**3. ਤਾਪਮਾਨ ਨਿਯੰਤਰਣ** : ਪਾਣੀ ਦਾ ਤਾਪਮਾਨ ਮੱਛੀਆਂ ਦੇ ਪਾਚਕ ਦਰਾਂ ਅਤੇ ਪੌਦਿਆਂ ਦੇ ਵਾਧੇ ਨੂੰ ਡੂੰਘਾ ਪ੍ਰਭਾਵਿਤ ਕਰਦਾ ਹੈ। ਤਾਪਮਾਨ ਵਿੱਚ ਉਤਰਾਅ-ਚੜ੍ਹਾਅ ਮੱਛੀਆਂ ਨੂੰ ਤਣਾਅ ਦੇ ਸਕਦੇ ਹਨ ਅਤੇ ਪੌਸ਼ਟਿਕ ਚੱਕਰ ਲਗਾਉਣ ਦੀ ਕੁਸ਼ਲਤਾ ਨੂੰ ਪ੍ਰਭਾਵਤ ਕਰ ਸਕਦੇ ਹਨ। ਐਕੁਆਪੋਨਿਕਸ ਪ੍ਰਣਾਲੀਆਂ ਵਿੱਚ ਹਾਲੀਆ ਤਰੱਕੀ ਸਥਿਰ ਅਤੇ ਅਨੁਕੂਲ ਸਥਿਤੀਆਂ ਬਣਾਉਣ ਲਈ ਸਹੀ ਤਾਪਮਾਨ ਨਿਯੰਤਰਣ ਵਿਧੀਆਂ ਨੂੰ ਸ਼ਾਮਲ ਕਰਦੀ ਹੈ। ਇਹ ਐਕੁਆਪੋਨਿਕ ਈਕੋਸਿਸਟਮ ਦੀ ਸਮੁੱਚੀ ਸਿਹਤ ਅਤੇ ਉਤਪਾਦਕਤਾ ਵਿੱਚ ਯੋਗਦਾਨ ਪਾਉਂਦਾ ਹੈ।

**4. ਘੁਲਿਆ ਹੋਇਆ ਆਕਸੀਜਨ ਪੱਧਰ** : ਮੱਛੀ ਦੀ ਤੰਦਰੁਸਤੀ ਅਤੇ ਲਾਭਦਾਇਕ ਬੈਕਟੀਰੀਆ ਦੀ ਗਤੀਵਿਧੀ ਲਈ ਢੁਕਵੇਂ ਘੁਲਿਆ ਹੋਇਆ ਆਕਸੀਜਨ ਪੱਧਰ ਬਹੁਤ ਮਹੱਤਵਪੂਰਨ ਹਨ। ਨਾਕਾਫ਼ੀ ਆਕਸੀਜਨ ਮੱਛੀ ਵਿੱਚ ਤਣਾਅ ਪੈਦਾ ਕਰ ਸਕਦੀ ਹੈ ਅਤੇ ਨਾਈਟ੍ਰੀਫਿਕੇਸ਼ਨ ਪ੍ਰਕਿਰਿਆ ਨੂੰ ਵਿਗਾੜ ਸਕਦੀ ਹੈ।

## ਟਿਕਾਊ ਖੇਤੀਬਾੜੀ ਵਿੱਚ ਐਕੁਆਪੋਨਿਕਸ ਦੀ ਮਹੱਤਤਾ

ਐਕੁਆਪੋਨਿਕਸ, ਇੱਕ ਨਵੀਨਤਾਕਾਰੀ ਖੇਤੀਬਾੜੀ ਅਭਿਆਸ ਦੇ ਰੂਪ ਵਿੱਚ, ਟਿਕਾਊ ਖੇਤੀਬਾੜੀ ਦੇ ਖੇਤਰ ਵਿੱਚ ਮਹੱਤਵਪੂਰਨ ਵਿਸ਼ਾ ਰੱਖਦਾ ਹੈ। ਇਹ ਏਕੀਕ੍ਰਿਤ ਪ੍ਰਣਾਲੀ, ਜੋ ਕਿ ਐਕੁਆਕਲਚਰ ਅਤੇ ਹਾਈਡ੍ਰੋਪੋਨਿਕਸ ਨੂੰ ਜੋੜਦੀ ਹੈ, ਨਾ ਸਿਰਫ਼ ਸਰੋਤ ਕੁਸ਼ਲਤਾ ਨੂੰ ਵਧਾਉਂਦੀ ਹੈ ਬਲਕਿ ਰਵਾਇਤੀ ਖੇਤੀ ਵਿਧੀਆਂ ਦੁਆਰਾ ਦਰਪੇਸ਼ ਮੁੱਖ ਚੁਣੌਤੀਆਂ ਨੂੰ ਵੀ ਹੱਲ ਕਰਦੀ ਹੈ। ਇੱਥੇ, ਅਸੀਂ ਹਾਲੀਆ ਖੋਜਾਂ ਅਤੇ ਵਿਕਾਸਾਂ 'ਤੇ ਨਿਰਭਰ ਕਰਦੇ ਹੋਏ, ਖੇਤੀਬਾੜੀ ਵਿੱਚ ਸਥਿਰਤਾ ਨੂੰ ਉਤਸ਼ਾਹਿਤ ਕਰਨ ਵਿੱਚ ਐਕੁਆਪੋਨਿਕਸ ਦੀ ਮਹੱਤਵਪੂਰਨ ਭੂਮਿਕਾ ਦੀ ਪੜਚੋਲ ਕਰਦੇ ਹਾਂ।

**1. ਸਰੋਤ ਕੁਸ਼ਲਤਾ** : ਐਕੁਆਪੋਨਿਕਸ ਸਰੋਤਾਂ ਦੀ ਕੁਸ਼ਲ ਵਰਤੋਂ ਲਈ ਵੱਖਰਾ ਹੈ। ਇੱਕ ਬੰਦ-ਲੂਪ ਪ੍ਰਣਾਲੀ ਬਣਾ ਕੇ ਜਿੱਥੇ ਮੱਛੀ ਦੀ ਰਹਿੰਦ-ਖੂੰਹਦ ਪੌਦਿਆਂ ਦੇ ਵਾਧੇ ਲਈ ਪੌਸ਼ਟਿਕ ਤੱਤ ਪ੍ਰਦਾਨ ਕਰਦੀ ਹੈ, ਅਤੇ ਪੌਦੇ, ਬਦਲੇ ਵਿੱਚ, ਮੱਛੀ ਲਈ ਪਾਣੀ ਨੂੰ ਫਿਲਟਰ ਅਤੇ ਸ਼ੁੱਧ ਕਰਦੇ ਹਨ, ਐਕੁਆਪੋਨਿਕਸ ਸਰੋਤ ਉਪਯੋਗਤਾ ਨੂੰ ਵੱਧ ਤੋਂ ਵੱਧ ਕਰਦੇ ਹਨ। ਇਹ ਬੰਦ-ਲੂਪ ਪਹੁੰਚ ਰਵਾਇਤੀ ਮਿੱਟੀ-ਅਧਾਰਤ ਖੇਤੀਬਾੜੀ ਦੇ ਮੁਕਾਬਲੇ ਪਾਣੀ ਦੀ ਖਪਤ ਨੂੰ ਕਾਫ਼ੀ ਘਟਾਉਂਦੀ ਹੈ।

**2. ਪੌਸ਼ਟਿਕ ਤੱਤਾਂ ਦੀ ਰੀਸਾਈਕਲਿੰਗ ਅਤੇ ਸੰਭਾਲ** : ਐਕੁਆਪੋਨਿਕਸ ਦੇ ਬੁਨਿਆਦੀ ਸਿਧਾਂਤਾਂ ਵਿੱਚੋਂ ਇੱਕ ਪੌਸ਼ਟਿਕ ਤੱਤਾਂ ਦੀ ਰੀਸਾਈਕਲਿੰਗ ਹੈ। ਮੱਛੀ ਅਤੇ ਪੌਦਿਆਂ ਵਿਚਕਾਰ ਸਹਿਜੀਵ ਸੰਬੰਧ ਪੌਸ਼ਟਿਕ ਤੱਤਾਂ ਦੇ ਆਦਾਨ-ਪ੍ਰਦਾਨ ਦੇ ਇੱਕ ਨਿਰੰਤਰ ਚੱਕਰ ਨੂੰ ਯਕੀਨੀ ਬਣਾਉਂਦਾ ਹੈ। ਪੌਸ਼ਟਿਕ ਤੱਤਾਂ ਨਾਲ ਭਰਪੂਰ ਮੱਛੀ ਦੀ ਰਹਿੰਦ-ਖੂੰਹਦ ਨੂੰ ਅਜਿਹੇ ਰੂਪਾਂ ਵਿੱਚ ਬਦਲਿਆ ਜਾਂਦਾ ਹੈ ਜਿਨ੍ਹਾਂ ਨੂੰ ਪੌਦੇ ਸੋਖ ਸਕਦੇ ਹਨ, ਸਿਹਤਮੰਦ ਅਤੇ ਮਜ਼ਬੂਤ ਪੌਦਿਆਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ। ਇਹ ਪੌਸ਼ਟਿਕ ਤੱਤਾਂ ਦੀ ਰੀਸਾਈਕਲਿੰਗ ਬਾਹਰੀ ਖਾਦਾਂ ਦੀ ਜ਼ਰੂਰਤ ਨੂੰ ਘੱਟ ਕਰਦੀ ਹੈ ਅਤੇ ਸਿਸਟਮ ਦੇ ਅੰਦਰ ਪੌਸ਼ਟਿਕ ਤੱਤਾਂ ਦੀ ਸੰਭਾਲ ਵਿੱਚ ਯੋਗਦਾਨ ਪਾਉਂਦੀ ਹੈ।

**3. ਵਾਤਾਵਰਣ ਪ੍ਰਭਾਵ ਘਟਾਉਣਾ** : ਐਕੁਆਪੋਨਿਕਸ ਰਵਾਇਤੀ ਖੇਤੀ ਅਭਿਆਸਾਂ ਲਈ ਇੱਕ ਵਧੇਰੇ ਵਾਤਾਵਰਣ ਅਨੁਕੂਲ ਵਿਕਲਪ ਪੇਸ਼ ਕਰਦਾ ਹੈ। ਬੰਦ-ਲੂਪ ਸਿਸਟਮ ਨੇੜਲੇ ਜਲ ਸਰੋਤਾਂ ਵਿੱਚ ਪੌਸ਼ਟਿਕ ਤੱਤਾਂ ਦੇ ਵਹਾਅ ਦੇ ਜੋਖਮ ਨੂੰ ਘਟਾਉਂਦਾ ਹੈ, ਪਾਣੀ ਦੇ ਪ੍ਰਦੂਸ਼ਣ ਨੂੰ ਘੱਟ ਕਰਦਾ ਹੈ। ਇਸ ਤੋਂ ਇਲਾਵਾ ਸਿਸਟਮ ਦਾ ਨਿਯੰਤਰਿਤ ਵਾਤਾਵਰਣ ਕੁਸ਼ਲ ਕੀਟ ਪ੍ਰਬੰਧਨ ਦੀ ਆਗਿਆ ਦਿੰਦਾ ਹੈ, ਰਸਾਇਣਕ ਕੀਟਨਾਸ਼ਕਾਂ 'ਤੇ ਨਿਰਭਰਤਾ ਨੂੰ ਘਟਾਉਂਦਾ ਹੈ ਅਤੇ ਇੱਕ ਸਿਹਤਮੰਦ ਵਾਤਾਵਰਣ ਪ੍ਰਣਾਲੀ ਵਿੱਚ ਯੋਗਦਾਨ ਪਾਉਂਦਾ ਹੈ।

**4. ਭੂਮੀ ਵਰਤੋਂ ਅਨੁਕੂਲਨ** : ਕੁੱਝ ਐਕੁਆਪੋਨਿਕਸ ਪ੍ਰਣਾਲੀਆਂ ਦੀ ਲੰਬਕਾਰੀ ਅਤੇ ਸਪੇਸ-ਕੁਸ਼ਲ ਡਿਜ਼ਾਈਨ ਸ਼ਹਿਰੀ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਫ਼ਸਲਾਂ ਦੀ ਕਾਸ਼ਤ ਦੀ ਆਗਿਆ ਦਿੰਦਾ ਹੈ ਜਿੱਥੇ ਖੇਤੀਯੋਗ ਜ਼ਮੀਨ ਸੀਮਤ ਹੋ ਸਕਦੀ ਹੈ। ਐਕੁਆਪੋਨਿਕਸ ਦਾ ਇਹ ਪਹਿਲੂ ਭੂਮੀ ਵਰਤੋਂ ਦੇ ਅਨੁਕੂਲਨ ਵਿੱਚ ਯੋਗਦਾਨ ਪਾਉਂਦਾ ਹੈ, ਇਸਨੂੰ ਸੰਘਣੀ ਆਬਾਦੀ ਵਾਲੇ ਖੇਤਰਾਂ ਵਿੱਚ ਟਿਕਾਊ ਭੋਜਨ ਉਤਪਾਦਨ ਲਈ ਇੱਕ ਵਿਹਾਰਕ ਵਿਕਲਪ ਬਣਾਉਂਦਾ ਹੈ।

**5. ਜਲਵਾਯੂ ਲਚਕੀਲਾਪਣ** : ਐਕੁਆਪੋਨਿਕਸ ਸਿਸਟਮ, ਜੋ ਅਕਸਰ ਨਿਯੰਤਰਿਤ ਵਾਤਾਵਰਣ ਵਿੱਚ ਰੱਖੇ ਜਾਂਦੇ ਹਨ, ਜਲਵਾਯੂ ਲਚਕੀਲੇਪਣ ਦਾ ਇੱਕ ਪੱਧਰ ਪ੍ਰਦਾਨ ਕਰਦੇ ਹਨ। ਤਾਪਮਾਨ ਅਤੇ ਨਮੀ ਵਰਗੇ ਕਾਰਕਾਂ ਨੂੰ ਨਿਯੰਤ੍ਰਿਤ ਕਰਨ ਦੀ ਯੋਗਤਾ ਐਕੁਆਪੋਨਿਕਸ ਫਾਰਮਾਂ ਦੀ ਵੱਖ-ਵੱਖ ਮੌਸਮੀ ਸਥਿਤੀਆਂ ਦੇ ਅਨੁਕੂਲਤਾ ਨੂੰ ਵਧਾਉਂਦੀ ਹੈ, ਜਿਸ ਨਾਲ ਫ਼ਸਲਾਂ ਦੀ ਅਤਿਅੰਤ ਮੌਸਮੀ ਘਟਨਾਵਾਂ ਪ੍ਰਤੀ ਕਮਜ਼ੋਰੀ ਘੱਟਦੀ ਹੈ।

**ਸਿੱਟਾ** : ਐਕੁਆਪੋਨਿਕਸ ਦੇ ਖੇਤਰ ਵਿੱਚੋਂ ਦੀ ਯਾਤਰਾ ਆਧੁਨਿਕ ਖੇਤੀਬਾੜੀ ਦੇ ਅੰਦਰ ਨਵੀਨਤਾ, ਸਥਿਰਤਾ ਅਤੇ ਏਕੀਕਰਨ ਦੀ ਇੱਕ ਦਿਲਚਸਪ ਕਹਾਣੀ ਨੂੰ ਪ੍ਰਗਟ ਕਰਦੀ ਹੈ। ਐਕੁਆਪੋਨਿਕਸ ਉਹਨਾਂ ਵਿਅਕਤੀਆਂ ਲਈ ਇੱਕ ਆਕਰਸ਼ਕ ਮੌਕਾ ਹੋ ਸਕਦਾ ਹੈ ਜੋ ਆਪਣੀ ਜੀਵਨ ਸ਼ੈਲੀ ਨੂੰ ਇੱਕ ਮਾਮੂਲੀ ਆਮਦਨ ਦੇ ਨਾਲ ਹੌਲੀ ਰਫ਼ਤਾਰ ਨਾਲ ਬਦਲਣਾ ਚਾਹੁੰਦੇ ਹਨ। ਇੱਕ ਚੰਗੀ ਤਰ੍ਹਾਂ ਡਿਜ਼ਾਈਨ ਕੀਤੀ ਅਤੇ ਕੁਸ਼ਲਤਾ ਨਾਲ ਚਲਾਈ ਜਾਣ ਵਾਲੀ ਐਕੁਆਪੋਨਿਕਸ ਸਹੂਲਤ ਵਿੱਚ, ਮੁਨਾਫ਼ਾ ਕਮਾਉਣ ਦੀ ਸਮਰੱਥਾ ਵੱਧ ਹੁੰਦੀ ਹੈ ਕਿਉਂਕਿ ਪੌਦੇ ਉਗਾਉਣ ਵਾਲੇ ਖੇਤਰ ਵਿੱਚ ਵਾਧਾ ਹੁੰਦਾ ਹੈ ਕਿਉਂਕਿ ਉਤਪਾਦ ਉਤਪਾਦਨ ਵਿੱਚ ਵਾਧਾ, ਸਰੋਤਾਂ ਦੀ ਕੁਸ਼ਲ ਵਰਤੋਂ, ਸਿਸਟਮ ਦੀ ਸਥਿਰਤੀ ਅਤੇ ਉਤਪਾਦਨ ਦੀ ਨਿਯਮਤਤਾ ਹੁੰਦੀ ਹੈ। ਵੱਧ ਰਹੇ ਮੀਡੀਆ, ਪਾਣੀ ਦੀ ਗੁਣਵੱਤਾ ਪ੍ਰਬੰਧਨ, ਅਤੇ ਰੱਖ-ਰਖਾਅ ਦੇ ਅਭਿਆਸਾਂ ਵਰਗੇ ਕਾਰਕਾਂ ਦੀ ਮਹੱਤਤਾ ਸਿਸਟਮ ਕੁਸ਼ਲਤਾ ਅਤੇ ਲਚਕੀਲੇਪਣ ਲਈ ਮਹੱਤਵਪੂਰਨ ਬਣ ਕੇ ਉਭਰਦੀ ਹੈ। ਐਕੁਆਪੋਨਿਕਸ ਵਿੱਚ ਪੌਦੇ ਨਾ ਸਿਰਫ਼ ਪੌਸ਼ਟਿਕ ਤੱਤਾਂ ਨਾਲ ਭਰਪੂਰ ਪਾਣੀ ਵਿੱਚ, ਸਗੋਂ ਧਿਆਨ ਨਾਲ ਚੁਣੇ ਗਏ ਵੱਧ ਰਹੇ ਮੀਡੀਆ ਵਿੱਚ ਵੀ ਵੱਧਦੇ-ਫੁੱਲਦੇ ਹਨ, ਜੋ ਜੀਵ ਵਿਗਿਆਨ ਅਤੇ ਤਕਨਾਲੋਜੀ ਵਿਚਕਾਰ ਗੁੰਝਲਦਾਰ ਨਾਚ ਨੂੰ ਪ੍ਰਦਰਸ਼ਿਤ ਕਰਦੇ ਹਨ।

## ਮਗਨਰੇਗਾ ਦੀ ਵੀ.ਬੀ.-ਜੀ ਰਾਮ ਜੀ ਕਾਨੂੰਨ ਵਿੱਚ ਤਬਦੀਲੀ

# ਦਿਹਾਤੀ ਰੁਜ਼ਗਾਰ ਯੋਜਨਾ ਦੇ ਠੱਪ ਹੋਣ ਸੰਬੰਧੀ ਸ਼ੰਕੇ ਵਧੇ

ਡਾ. ਗਿਆਨ ਪਾਠਕ

ਦੋ ਦਹਾਕੇ ਪੁਰਾਣਾ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) 2005 ਨੂੰ 19 ਦਸੰਬਰ ਨੂੰ ਸੰਸਦ ਦੇ ਸਰਦੀਆਂ ਦੇ ਸੈਸ਼ਨ ਦੇ ਆਖਰੀ ਦਿਨ ਵਿਕਸਿਤ ਭਾਰਤ-ਰੁਜ਼ਗਾਰ ਤੇ ਅਜੀਵਿਕਾ ਮਿਸ਼ਨ (ਗ੍ਰਾਮੀਣ) (ਵੀ.ਬੀ.-ਜੀ ਰਾਮ ਜੀ) ਬਿੱਲ 2025 ਦੇ ਰੂਪ ਵਿੱਚ ਬਦਲ ਦਿੱਤਾ ਗਿਆ। ਇਸ ਬਿੱਲ ਨੂੰ ਐਤਵਾਰ 21 ਦਸੰਬਰ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣ ਬਾਅਦ ਭਾਰਤ ਦੀ ਇਕਲੌਤੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ



ਦੇ ਖ਼ਤਮ ਹੋਣ ਸੰਬੰਧੀ ਸ਼ੰਕੇ ਪੈਦਾ ਹੋ ਗਏ ਹਨ। ਲੋਕ ਸਭਾ ਵਿੱਚ 18 ਦਸੰਬਰ ਦਿਨ ਵੇਲੇ ਪਾਸ ਹੋਏ ਇੱਕ ਬਿੱਲ ਨੂੰ ਉਸੇ ਦਿਨ ਰਾਜ ਸਭਾ ਵਿੱਚ ਪੇਸ਼ ਕਰਨ 'ਤੇ ਸ਼ਾਮ 6:40 ਵਜੇ ਬਹਿਸ ਸ਼ੁਰੂ ਹੋਈ, ਹੰਗਾਮੇ ਭਰੇ ਦ੍ਰਿਸ਼ਾਂ ਤੇ ਵਿਰੋਧੀ ਧਿਰ ਦੇ ਵਾਕਆਊਟ ਵਿਚਕਾਰ ਅੱਧੀ ਰਾਤ ਤੋਂ ਬਾਅਦ ਤੜਕੇ 12:32 ਵਜੇ ਇਹ ਬਿੱਲ ਆਵਾਜ਼ ਵੋਟ ਦੁਆਰਾ ਜਲਦਬਾਜ਼ੀ ਵਿੱਚ ਪਾਸ ਕਰ ਦਿੱਤਾ ਗਿਆ। ਅੱਧੀ ਰਾਤ ਨੂੰ 'ਜੀ ਰਾਮ ਜੀ' ਬਿੱਲ ਪਾਸ ਹੋਣ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਸੰਸਦ ਕੰਪਲੈਕਸ ਵਿੱਚ ਰਾਤ ਭਰ 12 ਘੰਟੇ ਦਾ ਧਰਨਾ ਦਿੱਤਾ। 18 ਦਸੰਬਰ ਨੂੰ ਦਿਨ ਵੇਲੇ ਵਿਰੋਧੀ ਧਿਰ ਨੇ ਲੋਕ ਸਭਾ ਤੇ ਸੰਸਦ ਕੰਪਲੈਕਸ ਵਿੱਚ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕਰਦਿਆਂ ਇਸ ਬਿੱਲ ਨੂੰ ਸੰਸਦ ਦੀ ਸਥਾਈ ਕਮੇਟੀ ਕੋਲ ਭੇਜਣ ਦੀ ਮੰਗ ਕੀਤੀ।

ਜਦੋਂ ਲੋਕ ਸਭਾ ਸਪੀਕਰ ਨੇ ਕਿਹਾ ਕਿ ਇਸ ਬਿੱਲ 'ਤੇ ਸਦਨ ਵਿੱਚ ਵਿਸਥਾਰ ਨਾਲ ਚਰਚਾ ਹੋਈ ਹੈ ਤਾਂ ਵਿਰੋਧੀ ਧਿਰ ਨੇ ਸਦਨ ਅੰਦਰ ਵਿਰੋਧ ਕਰਦਿਆਂ ਬਿੱਲ ਦੀਆਂ ਕਾਪੀਆਂ ਪਾੜ ਸੁੱਟੀਆਂ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਨਾਲ ਵੀ.ਬੀ.-ਜੀ ਰਾਮ ਜੀ ਬਿੱਲ ਨੂੰ ਵਾਪਸ ਲੈਣ ਦੀ ਮੰਗ ਕਰਦਿਆਂ ਪ੍ਰੇਰਨਾ ਸਥਲ ਵਿਖੇ ਗਾਂਧੀ ਮੂਰਤੀ ਤੋਂ ਮਕਰ ਦੁਆਰ ਤੱਕ ਮਾਰਚ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। 19 ਦਸੰਬਰ ਨੂੰ ਸਰਦ ਰੁੱਤ ਸੈਸ਼ਨ ਦੇ ਆਖਰੀ ਦਿਨ ਲੋਕ ਸਭਾ ਦੀ ਕਾਰਵਾਈ ਸ਼ੁਰੂ ਹੋਣ 'ਤੇ ਸਪੀਕਰ ਓਮ ਬਿਰਲਾ ਨੇ ਸਦਨ ਨੂੰ ਅਨਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ। ਰਾਮ ਸਭਾ ਦੇ ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਨੇ 1 ਦਸੰਬਰ ਨੂੰ ਸ਼ੁਰੂ ਹੋਏ ਸਰਦ ਰੁੱਤ ਦੇ ਸੈਸ਼ਨ ਦੌਰਾਨ ਹੋਏ ਵਿਧਾਨਕ ਕੰਮਕਾਜ ਦਾ ਸਾਰ ਪੜ੍ਹ ਕੇ ਸੁਣਾਉਣ ਤੋਂ ਬਾਅਦ ਸਦਨ ਨੂੰ ਅਨਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ। ਲੋਕ ਸਭਾ ਦੇ ਸਪੀਕਰ ਅਤੇ ਰਾਜ ਸਭਾ ਦੇ ਚੇਅਰਮੈਨ ਨੇ ਸਦਨਾਂ ਵਿੱਚ ਵਿਘਨ ਪਾਉਣ ਲਈ ਵਿਰੋਧੀ ਧਿਰ ਦੀ ਆਲੋਚਨਾ ਕੀਤੀ, ਜਦਕਿ ਵਿਰੋਧੀ ਧਿਰ ਬਿੱਲ ਨੂੰ ਵਾਪਸ ਲੈਣ ਜਾਂ ਵਿਸਤ੍ਰਿਤ ਸਮੀਖਿਆ ਲਈ ਬਿੱਲ ਨੂੰ ਸੰਸਦੀ ਕਮੇਟੀ ਨੂੰ ਭੇਜਣ ਦੀ ਮੰਗ ਕਰ ਰਹੀ ਸੀ। ਸੱਤਾ ਧਿਰ ਨੇ ਵਿਰੋਧੀ ਧਿਰ ਦੀ ਮੰਗ ਨੂੰ ਨਜ਼ਰਅੰਦਾਜ਼ ਕਰਕੇ ਸ਼ੁਰੂ ਤੋਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਮੌਜੂਦਾ ਸੈਸ਼ਨ ਦੌਰਾਨ ਹਰ ਹਾਲਤ ਵਿੱਚ 'ਜੀ ਰਾਮ ਜੀ' ਬਿੱਲ ਪਾਸ ਕਰਵਾਉਣਾ ਚਾਹੁੰਦੀ ਹੈ।

ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਕਹਿਣਾ ਹੈ ਕਿ 'ਜੀ ਰਾਮ ਜੀ ਬਿੱਲ' ਦੀ ਚੰਗੀ ਤਰ੍ਹਾਂ ਜਾਂਚ-ਪੜਤਾਲ ਕੀਤੇ ਬਗੈਰ ਇਸ ਨੂੰ ਸੰਸਦ ਵਿੱਚ ਜ਼ਬਰਦਸਤੀ ਪਾਸ ਕਰਵਾਇਆ ਗਿਆ ਹੈ, ਜਦਕਿ ਕਾਂਗਰਸ ਨੇਤਾ ਸ਼ਸ਼ੀ ਥਰੂਰ ਨੇ ਕਿਹਾ ਕਿ ਅਸੀਂ ਕਈ ਕਾਰਨਾਂ ਕਰਕੇ ਇਸ ਪਹਿਲ ਤੋਂ ਨਾਖ਼ੁਸ਼ ਹਾਂ, ਦਰਅਸਲ ਇਹ ਪੂਰੇ ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਪ੍ਰੋਗਰਾਮ ਦੀ ਭਾਵਨਾ ਨੂੰ ਤਬਾਹ ਕਰਨ ਵਾਲਾ ਹੈ। ਬਹਿਸ ਦਾ ਜਵਾਬ ਦਿੰਦਿਆਂ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਮਨਰੇਗਾ ਭ੍ਰਿਸ਼ਟਾਚਾਰ ਦਾ ਇੱਕ ਸਾਧਨ ਸੀ ਅਤੇ ਦਾਅਵਾ ਕੀਤਾ ਕਿ ਨਵਾਂ ਕਾਨੂੰਨ ਸਾਰੇ ਹਿੱਸੇਦਾਰਾਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਹੀ ਪੇਸ਼ ਕੀਤਾ ਗਿਆ ਹੈ। ਵਿਰੋਧੀ ਆਗੂਆਂ ਨੇ ਕਿਹਾ ਕਿ ਮਨਰੇਗਾ ਸਭ ਤੋਂ ਗਰੀਬ ਲੋਕਾਂ ਲਈ ਇੱਕ ਵੱਡਾ ਸਹਾਰਾ ਸੀ ਅਤੇ ਨਵਾਂ ਬਿੱਲ ਗਰੀਬ ਵਿਰੋਧੀ ਹੈ। ਉਨ੍ਹਾਂ 'ਜੀ ਰਾਮ ਜੀ' ਬਿਲ ਦੇ ਖ਼ਿਲਾਫ਼ ਕਈ ਇਤਰਾਜ਼ ਉਠਾਉਂਦਿਆਂ ਕਿਹਾ ਕਿ ਇਹ ਭਾਰਤ ਵਿੱਚ ਇੱਕੋ-ਇੱਕ ਪੇਂਡੂ ਰੁਜ਼ਗਾਰ ਗਰੰਟੀ ਪ੍ਰੋਗਰਾਮ ਮਨਰੇਗਾ ਯੋਜਨਾ ਦੇ ਤਹਿਤ ਪੇਂਡੂ ਲੋਕਾਂ ਦੇ ਕੰਮ ਮੰਗਣ ਦੇ ਅਧਿਕਾਰ ਨੂੰ ਖ਼ਤਮ ਕਰਦਾ ਹੈ।

ਹੁਣ 'ਜੀ ਰਾਮ ਜੀ' ਐਕਟ ਦੇ ਲਾਗੂ ਹੋਣ ਦੇ 6 ਮਹੀਨਿਆਂ ਦੇ ਅੰਦਰ ਸੂਬਿਆਂ ਨੂੰ ਨਵੇਂ ਕਾਨੂੰਨ ਦੇ ਉਪਬੰਧਾਂ ਦੇ ਅਨੁਸਾਰ ਇੱਕ ਯੋਜਨਾ ਬਣਾਉਣੀ ਪਵੇਗੀ। ਸੂਬੇ ਇਸ ਦਾ ਵਿਰੋਧ ਕਰ ਰਹੇ ਹਨ, ਕਿਉਂਕਿ 'ਜੀ ਰਾਮ ਜੀ' ਬਿੱਲ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ 'ਤੇ ਇੱਕ ਵੱਡਾ ਵਿੱਤੀ ਬੋਝ ਪਵੇਗਾ। ਇਸ 'ਜੀ ਰਾਮ ਜੀ' ਬਿਲ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਮਨਰੇਗਾ ਦੇ ਮੰਗ-ਆਧਾਰਿਤ ਢਾਂਚੇ ਨੂੰ ਖ਼ਤਮ ਕਰ ਦੇਵੇਗਾ, ਇਸ ਦੇ ਵਿਆਪਕ ਲਾਗੂ ਕਰਨ ਦੇ ਉਪਬੰਧ ਨੂੰ ਹਟਾ ਦੇਵੇਗਾ ਅਤੇ ਫ਼ੈਸਲਾ ਲੈਣ ਦੀ ਪ੍ਰਕਿਰਿਆ ਦਾ ਕੇਂਦਰੀਕਰਨ ਕਰ ਦੇਵੇਗਾ। ਮੋਦੀ ਸਰਕਾਰ ਦੇ ਮੰਗ-ਅਧਾਰਿਤ ਮਨਰੇਗਾ ਨੂੰ ਖ਼ਤਮ ਕਰਨ ਦੇ ਫ਼ੈਸਲੇ ਦੀ ਆਲੋਚਨਾ ਸਿਰਫ਼ ਭਾਰਤ ਵਿੱਚ ਵਿਰੋਧੀ ਧਿਰਾਂ ਦੁਆਰਾ ਹੀ ਨਹੀਂ, ਸਗੋਂ ਦੁਨੀਆਂ ਭਰ ਦੇ ਸੁਤੰਤਰ ਚਿੰਤਕਾਂ ਵੱਲੋਂ ਵੀ ਕੀਤੀ ਜਾ ਰਹੀ ਹੈ। ਮੋਦੀ ਸਰਕਾਰ ਨੂੰ ਲਿਖੇ ਇੱਕ ਖੁੱਲ੍ਹੇ ਪੱਤਰ ਵਿੱਚ ਦੁਨੀਆ ਭਰ ਦੇ ਵਿਦਵਾਨਾਂ, ਨੀਤੀ ਨਿਰਮਾਤਾਵਾਂ, ਵਕੀਲਾਂ ਤੇ ਸਿਵਲ ਕਾਰਕੁਨਾਂ ਨੇ 'ਮਨਰੇਗਾ' ਨੂੰ ਖ਼ਤਮ ਕਰਨ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਇਸ ਇਤਿਹਾਸਕ ਕਾਨੂੰਨ ਪ੍ਰਤੀ ਮੁੜ ਤੋਂ ਵਚਨਬੱਧਤਾ ਦਿਖਾਉਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਮਨਰੇਗਾ ਨੂੰ ਖ਼ਤਮ ਕਰਨਾ ਇੱਕ ਇਤਿਹਾਸਕ ਗਲਤੀ ਹੋਵੇਗੀ।

ਜਿੱਥੇ ਵਿਰੋਧੀ ਪਾਰਟੀਆਂ ਦੁਆਰਾ ਸ਼ਾਸਿਤ ਸੂਬਿਆਂ ਨੇ ਮਨਰੇਗਾ ਨੂੰ ਖ਼ਤਮ ਕਰਨ ਦੀ ਆਲੋਚਨਾ ਕੀਤੀ ਹੈ, ਉੱਥੇ ਪੰਜਾਬ ਵਿੱਚ ਸੱਤਾਧਾਰੀ 'ਆਪ' ਨੇ ਮਨਰੇਗਾ ਦੀ ਥਾਂ ਲੈਣ ਵਾਲੇ ਕਾਨੂੰਨ 'ਤੇ ਚਰਚਾ ਕਰਨ ਲਈ 30 ਦਸੰਬਰ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਦੋਸ਼ ਲਗਾਇਆ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਗਰੀਬਾਂ ਦੀ ਰੋਜ਼ੀ-ਰੋਟੀ ਖੋਹਣ ਦੀ ਕੋਸ਼ਿਸ਼ ਕਰ ਰਹੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮਨਰੇਗਾ ਨੂੰ ਬਦਲਣ ਤੇ ਇਸ ਯੋਜਨਾ ਤੋਂ ਮਹਾਤਮਾ ਗਾਂਧੀ ਦਾ ਨਾਂਅ ਹਟਾਉਣ ਨੂੰ 'ਸ਼ਰਮਨਾਕ' ਦੱਸਿਆ ਹੈ। ਜ਼ਿਕਰਯੋਗ ਹੈ ਕਿ ਕੇਂਦਰ ਵੱਲੋਂ ਪੱਛਮੀ ਬੰਗਾਲ ਦੇ ਮਨਰੇਗਾ ਫੰਡ ਰੋਕਣ 'ਤੇ ਅਕਤੂਬਰ 2025 ਵਿੱਚ ਸਰਵਉੱਚ ਅਦਾਲਤ ਨੇ ਸੂਬੇ ਦੇ ਹੱਕ ਵਿੱਚ ਫ਼ੈਸਲਾ ਦਿੱਤਾ ਸੀ। ਦੋਸ਼ ਲੱਗ ਰਹੇ ਹਨ ਕਿ ਕੇਂਦਰ ਵਲੋਂ ਉਕਤ ਨਿਆਂਇਕ ਆਦੇਸ਼ ਨੂੰ ਦਰਕਿਨਾਰ ਕਰਨ ਦੇ ਲਈ ਹੀ 'ਜੀ ਰਾਮ ਜੀ' ਬਿੱਲ ਲਿਆਂਦਾ ਗਿਆ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕੇ. ਸਟਾਲਿਨ ਨੇ ਜੀ ਰਾਮ ਜੀ ਬਿੱਲ ਦਾ ਵਿਰੋਧ ਕਰਦਿਆਂ ਇਸ ਨਾਲ ਸੂਬਿਆਂ 'ਤੇ ਪੈਣ ਵਾਲੇ ਵਾਧੂ ਵਿੱਤੀ ਬੋਝ ਦੀ ਆਲੋਚਨਾ ਕੀਤੀ ਹੈ। ਕੇਰਲ ਨੇ ਵੀ ਇਸ ਨਵੇਂ ਕਾਨੂੰਨ ਨੂੰ ਗਰੀਬ ਵਿਰੋਧੀ, ਮਜ਼ਦੂਰ ਵਿਰੋਧੀ ਤੇ ਔਰਤਾਂ ਵਿਰੋਧੀ ਦੱਸਿਆ ਹੈ, ਕਿਉਂਕਿ ਕੇਰਲ ਵਿੱਚ 90 ਫ਼ੀਸਦੀ ਮਨਰੇਗਾ ਵਰਕਰ ਔਰਤਾਂ ਹਨ।

ਇੱਥੋਂ ਤੱਕ ਕਿ ਕੇਂਦਰ ਵਿੱਚ ਸੱਤਾਧਾਰੀ ਐਨ. ਡੀ. ਏ. ਗੱਠਜੋੜ ਦੀ ਸਹਿਯੋਗੀ ਟੀ. ਡੀ. ਪੀ. ਨੇ ਵੀ ਇਸ ਕਾਨੂੰਨ ਨਾਲ ਸੂਬੇ 'ਤੇ ਪੈਣ ਵਾਲੇ ਵਾਧੂ ਵਿੱਤੀ ਬੋਝ ਦਾ ਵਿਰੋਧ ਕਰਦਿਆਂ ਵਿੱਤੀ ਨੁਕਸਾਨ ਦੀ ਭਰਪਾਈ ਲਈ ਵਿਸ਼ੇਸ਼ ਸਹਾਇਤਾ ਦੀ ਮੰਗ ਕੀਤੀ ਹੈ। ਕਾਂਗਰਸ ਨੇ ਇਸ ਕਾਨੂੰਨ ਦੀ ਨਿੰਦਾ ਕਰਦਿਆਂ ਇਸ ਖ਼ਿਲਾਫ਼ ਦੇਸ਼ਵਿਆਪੀ ਵਿਰੋਧ ਪ੍ਰਦਰਸ਼ਨਾਂ ਦੀ ਯੋਜਨਾ ਬਣਾਈ ਹੈ, ਪਾਰਟੀ ਦੀ ਦਲੀਲ ਹੈ ਕਿ ਇਹ ਕਦਮ ਪੇਂਡੂ ਰੁਜ਼ਗਾਰ ਅਧਿਕਾਰਾਂ ਅਤੇ ਯੂ.ਪੀ.ਏ. ਦੁਆਰਾ ਸ਼ੁਰੂ ਕੀਤੀ ਗਈ ਯੋਜਨਾ ਦੀ ਵਿਰਾਸਤ ਨੂੰ ਕਮਜ਼ੋਰ ਕਰਦਾ ਹੈ। ਕਾਂਗਰਸ ਨੇਤਾਵਾਂ ਨੇ ਇਸ ਬਦਲਾਅ ਨੂੰ ਗਰੀਬ ਵਿਰੋਧੀ ਦੱਸਦਿਆਂ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਪੇਂਡੂ ਗਰੀਬਾਂ ਤੇ ਔਰਤ ਮਜ਼ਦੂਰਾਂ ਨੂੰ ਨੁਕਸਾਨ ਹੋਵੇਗਾ, ਕਿਉਂਕਿ ਉਹ ਮਨਰੇਗਾ ਲਾਭਪਾਤਰੀਆਂ ਦਾ ਵੱਡਾ ਹਿੱਸਾ ਹਨ। 'ਇੰਡੀਆ' ਗੱਠਜੋੜ ਦੀਆਂ ਪਾਰਟੀਆਂ ਤੇ ਨਰੇਗਾ ਸੰਘਰਸ਼ ਮੋਰਚਾ ਨੇ ਦੇਸ਼ ਭਰ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ, ਜੋ 19 ਦਸੰਬਰ ਤੋਂ ਸ਼ੁਰੂ ਹੋ ਚੁੱਕਾ ਹੈ। ਤਾਮਿਲਨਾਡੂ ਵਿੱਚ ਸੱਤਾਧਾਰੀ ਡੀ.ਐੱਮ.ਕੇ. ਦੀ ਅਗਵਾਈ ਵਾਲੇ ਧਰਮ ਨਿਰਪੱਖ ਪ੍ਰਗਤੀਸ਼ੀਲ ਗੱਠਜੋੜ ਨੇ 24 ਦਸੰਬਰ ਨੂੰ ਰਾਜ ਵਿਆਪੀ ਵਿਰੋਧ ਪ੍ਰਦਰਸ਼ਨ ਕੀਤਾ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਨੇ ਫੰਡਿੰਗ ਰੋਕ ਕੇ, ਕੰਮ ਨਾ ਦੇ ਕੇ ਅਤੇ ਮਜ਼ਦੂਰਾਂ ਨੂੰ ਸਮੇਂ ਸਿਰ ਭੁਗਤਾਨ ਨਾ ਕਰਕੇ ਮਨਰੇਗਾ ਨੂੰ ਕਮਜ਼ੋਰ ਕਰਦਿਆਂ ਆਖਰਕਾਰ ਇਸ ਨੂੰ ਖ਼ਤਮ ਹੀ ਕਰ ਦਿੱਤਾ ਹੈ।

# ਵਾਤਾਵਰਨ ਅਨੁਕੂਲ ਬਾਇਓਐਂਜ਼ਾਈਮ ਅਧਾਰਿਤ ਘਰੇਲੂ ਸਫਾਈ ਉਤਪਾਦ : ਜੈਵਿਕ ਅਤੇ ਕੁਦਰਤੀ ਵਿਕਲਪ

ਉਰਮਿਲਾ ਗੁਪਤਾ ਅਤੇ ਸੁਮਨ ਕੁਮਾਰੀ, ਮਾਈਕ੍ਰੋਬਾਇਓਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98787-17711)

ਸਿਹਤਮੰਦ ਅਤੇ ਸੁਰੱਖਿਅਤ ਵਾਤਾਵਰਣ ਦੀ ਸਿਰਜਣਾ ਲਈ ਸਫਾਈ ਅਤੇ ਸੁਰੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਬਹੁਤ ਜ਼ਰੂਰੀ ਹੈ। ਅਕਸਰ ਹੋਣ ਵਾਲੀਆਂ ਸੰਕਰਾਤਮਕ ਬਿਮਾਰੀਆਂ ਦੀ ਸੰਭਾਵਨਾ ਨੂੰ ਘਟਾਉਣ ਲਈ ਵਾਰ-ਵਾਰ ਸੰਪਰਕ ਵਿੱਚ ਆਉਣ ਵਾਲੀਆਂ ਸਤਹਾਂ, ਕੱਪੜਿਆਂ, ਬਰਤਨਾਂ ਅਤੇ ਹੱਥਾਂ ਦੀ ਨਿਯਮਿਤ ਸਫਾਈ ਅਤੇ ਸੈਨਿਟਾਈਜ਼ੇਸ਼ਨ ਕਰਨੀ ਲਾਜ਼ਮੀ ਹੈ। ਪਿਛਲੇ ਕੁੱਝ ਸਾਲਾਂ ਵਿੱਚ ਲੋਕਾਂ ਵਿੱਚ ਸਫਾਈ ਪ੍ਰਤੀ ਵੱਧ ਰਹੀ ਸੁਚੇਤਤਾ ਨੇ ਘਰੇਲੂ ਸਫਾਈ ਉਤਪਾਦਾਂ ਦੇ ਖੇਤਰ ਵਿੱਚ ਮੰਗ ਅਤੇ ਇਸ ਦੇ ਬਾਜ਼ਾਰ ਵਿੱਚ ਵਿਸਤਾਰ ਨੂੰ ਤੇਜ਼ੀ ਨਾਲ ਵਧਾਇਆ ਹੈ। ਹਾਲਾਂਕਿ ਰਵਾਇਤੀ ਰਸਾਇਣਕ ਘਰੇਲੂ ਸਫਾਈ ਉਤਪਾਦ ਨਿੱਜੀ ਸਫਾਈ ਅਤੇ ਬਿਮਾਰੀਆਂ ਨੂੰ ਘਟਾਉਣ ਵਿੱਚ ਸਹਾਇਕ ਹਨ, ਪਰ ਇਹਨਾਂ ਵਿੱਚ ਵਰਤੇ ਜਾਣ ਵਾਲੇ ਖਤਰਨਾਕ ਰਸਾਇਣ ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਹਾਨੀਕਾਰਕ ਸਾਬਤ ਹੋ ਰਹੇ ਹਨ। ਇਹਨਾਂ ਰਸਾਇਣਾਂ ਦੀ ਲੰਬੇ ਸਮੇਂ ਤੱਕ ਵਰਤੋਂ ਨਾਲ ਚਮੜੀ ਅਤੇ ਸਾਹ ਸੰਬੰਧੀ ਸਮੱਸਿਆਵਾਂ ਆ ਸਕਦੀਆਂ ਹਨ ਅਤੇ ਜਦੋਂ ਇਹ ਪਾਣੀ ਦੇ ਸਰੋਤਾਂ ਵਿੱਚ ਪਹੁੰਚਦੇ ਹਨ, ਤਾਂ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ।

ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕ੍ਰੋਬਾਇਓਲੋਜੀ ਵਿਭਾਗ ਨੇ ਬਾਇਓਐਂਜ਼ਾਈਮ ਅਧਾਰਿਤ ਘਰੇਲੂ ਸਫਾਈ ਉਤਪਾਦ ਜਿਵੇਂ ਕਿ ਹੱਥ ਧੋਣ ਲਈ ਹੈਂਡ ਵਾਸ਼, ਬਰਤਨ ਧੋਣ ਡਿਸ਼ ਵਾਸ਼ ਅਤੇ ਕੱਪੜੇ ਸਾਫ ਕਰਨ ਲਈ ਲਿਕਵਿਡ ਡੀਟਰਜੈਂਟ ਤਿਆਰ ਕੀਤੇ ਹਨ। ਇਹ ਉਤਪਾਦ ਨਿੰਬੂ ਜਾਤੀ ਦੇ ਫਲਾਂ, ਰੀਠਾ (ਸੋਪਨੱਟ), ਕੁਦਰਤੀ ਕੋਕੋਗਲੂਕੋਸਾਈਡ (ਸਰਫੇਕਟੈਂਟ ਗੁਣਾਂ ਲਈ), ਜੈਂਥਨ ਗਮ (ਗਾੜ੍ਹੇਪਨ ਲਈ) ਅਤੇ ਖੁਸ਼ਬੂ ਲਈ ਨਿੰਬੂ ਦੇ ਤੇਲ ਤੋਂ ਤਿਆਰ ਮਿਸ਼ਰਣ ਹਨ। ਇਹ ਉਤਪਾਦ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਕੁਦਰਤੀ ਸਫਾਈ ਸਾਧਨ ਹਨ, ਜੋ ਮਿੱਟੀ, ਚਿਕਨਾਹਟ ਅਤੇ ਗੰਦਗੀ ਨੂੰ ਤੇਜ਼ੀ ਨਾਲ ਦੂਰ ਕਰਦੇ ਹਨ ਅਤੇ ਵਰਤਣ ਮਗਰੋਂ ਮਨੁੱਖਾਂ ਜਾਂ ਵਾਤਾਵਰਣ ਤੇ ਕੋਈ ਹਾਨੀਕਾਰਕ ਪ੍ਰਭਾਵ ਨਹੀਂ ਛੱਡਦੇ।

ਇਹ ਉਤਪਾਦ ਪੌਦਿਆਂ ਤੋਂ ਪ੍ਰਾਪਤ ਜੈਵਿਕ ਪਦਾਰਥਾਂ ਦੇ ਖਮੀਰੀਕਰਨ ਰਾਹੀਂ ਬਣੇ ਹਨ ਅਤੇ ਰਸਾਇਣਕ ਸਰਫੇਕਟੈਂਟ ਮੁਕਤ ਹਨ, ਇਸ ਲਈ ਇਹ ਹੱਥਾਂ ਲਈ ਨਰਮ ਹਨ ਅਤੇ ਆਸਾਨੀ ਨਾਲ ਘੁਲ ਕੇ ਜੈਵਿਕ ਤੌਰ ਤੇ ਤਿਆਰ ਹੋ ਜਾਂਦੇ ਹਨ। ਇਹਨਾਂ ਵਿਸ਼ੇਸ਼ਤਾਵਾਂ ਕਾਰਨ ਇਹ ਕੁਦਰਤੀ ਉਤਪਾਦ ਪਰਿਵਾਰ ਅਤੇ ਵਾਤਾਵਰਣ ਲਈ ਸੁਰੱਖਿਅਤ ਅਤੇ ਲਾਭਕਾਰੀ ਵਿਕਲਪ ਹਨ। ਇਹਨਾਂ ਉਤਪਾਦਾਂ ਦੇ ਵੱਖ-ਵੱਖ ਆਕਾਰਾਂ ਦੀਆਂ ਬੋਤਲਾਂ ਨਾਮਾਤਰ ਕੀਮਤਾਂ (200 ਮਿ.ਲੀ. ਲਈ 60 ਰੁਪਏ, 500 ਮਿ.ਲੀ. ਲਈ 130 ਰੁਪਏ ਅਤੇ 1 ਲਿਟਰ ਲਈ 250 ਰੁਪਏ) ਤੇ ਮਾਈਕ੍ਰੋਬਾਇਓਲੋਜੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਉਪਲੱਬਧ ਹਨ।

ਬਾਇਓਐਂਜ਼ਾਈਮ ਅਧਾਰਿਤ ਘਰੇਲੂ ਸਫਾਈ ਉਤਪਾਦਾਂ ਦੀ ਉਪਲੱਬਧਤਾ, ਲਾਭ ਅਤੇ ਵਰਤਣ ਸੰਬੰਧੀ ਜਾਣਕਾਰੀ ਦਫਤਰ ਮੁੱਖੀ, ਮਾਈਕ੍ਰੋਬਾਇਓਲੋਜੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਜਾਂ hodmb@pau.edu ਤੇ ਈਮੇਲ ਕਰਕੇ ਜਾਂ 0161-2401960 ਲੁਧਿਆਣਾ ਐਕਸਟੇਂਸ਼ਨ 330 ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਜਵਾਨਾਂ ਵਿੱਚ ਅਚਾਨਕ ਮੌਤ ਲਈ ਜ਼ਿੰਮੇਵਾਰ ਦਿਲ ਦੇ ਰੋਗ

**ਆਪਾਂ ਆਪਣੇ ਆਲੇ-ਦੁਆਲੇ ਅਜਿਹੇ ਕਈ ਮਾਮਲੇ ਦੇਖੇ ਹੋਣਗੇ ਜਿਨ੍ਹਾਂ ਵਿੱਚ 25-45 ਸਾਲਾਂ ਦੇ ਯੁਵਾਵਾਂ ਨੂੰ ਅਚਾਨਕ ਹਾਰਟ ਅਟੈਕ ਆਇਆ ਅਤੇ ਉਸ ਦੀ ਮੌਤ ਹੋ ਗਈ। ਜਿਮ ਵਿੱਚ ਵਰਕਆਊਟ ਕਰਦੇ ਹੋਏ, ਆਫਿਸ ਵਿੱਚ ਕੰਮ ਕਰਦੇ ਸਮੇਂ ਜਾਂ ਸੌਂਦੇ-ਸੌਂਦੇ ਦਿਲ ਦਾ ਦੌਰਾ ਪੈਣ ਦੀਆਂ ਘਟਨਾਵਾਂ ਹੌਲੀ-ਹੌਲੀ ਸਧਾਰਣ ਜਿਹੀ ਹੁੰਦੀ ਜਾ ਰਹੀ ਹੈ।**



ਅਕਸਰ ਲੋਕ ਇਸ ਨੂੰ ਸਟਰੇਸ, ਲਾਇਫਸਟਾਇਲ ਜਾਂ ਕਿਸਮਤ ਨਾਲ ਜੋੜ ਦਿੰਦੇ ਹਨ। ਇਸ ਦੇ ਇਲਾਵਾ ਪਿਛਲੇ ਕੁੱਝ ਸਾਲਾਂ ਵਿੱਚ ਇੱਕ ਹੋਰ ਸੰਭਾਵਿਕ ਥਿਊਰੀ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਹੈ ਜਿਸ ਦੇ ਅਨੁਸਾਰ ਕੋਵਿਡ ਦੀ ਵੈਕਸੀਨ ਲੈਣ ਦੇ ਕਾਰਣ ਯੁਵਾਵਾਂ ਵਿੱਚ ਦਿਲ ਦੇ ਦੌਰੇ ਦੇ ਮਾਮਲੇ ਵੱਧੇ ਹਨ। ਲੇਕਿਨ AIIMS ਵੱਲੋਂ ਕੀਤੀ ਗਈ ਇੱਕ ਨਵੀਂ ਸਟੱਡੀ ਇਸ ਮੁੱਦੇ ਉੱਤੇ ਵਿਗਿਆਨੀ ਅਤੇ ਸਾਫ਼ ਤਸਵੀਰ ਰੱਖ ਰਹੀ ਹੈ। ਇਸ ਪੜ੍ਹਾਈ ਦੇ ਮੁਤਾਬਕ 45 ਸਾਲ ਤੋਂ ਘੱਟ ਉਮਰ ਵਿੱਚ ਹੋਣ ਵਾਲੀ ਅਚਾਨਕ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਦਿਲ ਦਾ ਰੋਗ ਹੈ ਜਿਸ ਦਾ ਵੈਕਸੀਨ ਜਾਂ ਕਿਸੇ ਹੋਰ ਰਹੱਸਮਈ ਜਾਂ ਅਨਜਾਨ ਵਜ੍ਹਾ ਨਾਲ ਕੋਈ ਸੰਬੰਧ ਨਹੀਂ ਹੈ।

### ਇਹ ਸਟੱਡੀ ਕਿਵੇਂ ਕੀਤੀ ਗਈ ?

ਇਹ ਸਟੱਡੀ Observational Autopsy ਉੱਤੇ ਆਧਾਰਿਤ ਸਟੱਡੀ ਹੈ ਜਿਸ ਨੂੰ ਏਮਸ (AIIMS) ਦੇ ਪੈਥੋਲਾਜੀ ਅਤੇ ਫਾਰੇਂਸਿਕ ਮੇਡਿਸਿਨ ਅਤੇ ਟਾਕਸਿਕੋਲਾਜੀ ਵਿਭਾਗਾਂ ਦੁਆਰਾ ਮਈ 2023 ਤੋਂ ਅਪ੍ਰੈਲ 2024 ਦੇ ਵਿੱਚ ਕੀਤਾ। ਇਸ ਵਿੱਚ ਉਨ੍ਹਾਂ ਮਾਮਲਿਆਂ ਨੂੰ ਸ਼ਾਮਿਲ ਕੀਤਾ ਗਿਆ ਜੋ ਅਚਾਨਕ ਮੌਤ ਦੀ ਪਰਿਭਾਸ਼ਾ ਵਿੱਚ ਆਉਂਦੇ ਹਨ ਜਦੋਂ ਕਿ ਦੁਰਘਟਨਾ, ਆਤਮ ਹੱਤਿਆ ਅਤੇ ਨਸ਼ੇ ਨਾਲ ਜੁੜੀਆਂ ਮੌਤਾਂ ਨੂੰ ਇਸ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ।

ਪੜ੍ਹਾਈ ਵਿੱਚ 18 ਤੋਂ 45 ਸਾਲ ਦੇ ਯੁਵਾਵਾਂ ਅਤੇ 46 ਤੋਂ 65 ਸਾਲ ਦੇ ਵਿਅਸਕਾਂ ਵਿੱਚ ਅਚਾਨਕ ਹੋਈ ਮੌਤਾਂ ਦੀ ਤੁਲਨਾ ਕੀਤੀ ਗਈ। ਪੜ੍ਹਾਈ ਮਿਆਦ ਦੇ ਦੌਰਾਨ ਫਰੇਂਸਿਕ ਮਾਰਚਰੀ ਵਿੱਚ ਕੁੱਲ 2,214 ਮਾਮਲੇ ਆਏ ਜਿਨ੍ਹਾਂ ਵਿੱਚੋਂ 180 ਮਾਮਲੇ ਅਚਾਨਕ ਮੌਤ ਦੀ ਪਰਿਭਾਸ਼ਾ ਦੇ ਅਨੁਸਾਰ ਆਏ। ਇਹਨਾਂ ਵਿੱਚੋਂ 57.2% (103 ਮਾਮਲੇ) ਮੌਤਾਂ ਯੁਵਾਵਾਂ ਵਿੱਚ ਅਤੇ 42.8% (77 ਮਾਮਲੇ) ਮੌਤਾਂ ਬਜ਼ੁਰਗ ਵਿਅਸਕਾਂ ਵਿੱਚ ਦਰਜ ਕੀਤੀਆਂ ਗਈਆਂ।

ਖੋਜਕਾਰਾਂ ਨੇ ਇਹਨਾਂ ਮੌਤਾਂ ਦੇ ਮਾਮਲਿਆਂ ਵਿੱਚ ਪੋਸਟਮਾਰਟਮ ਰਿਪੋਰਟ, ਮੈਡੀਕਲ ਹਿਸਟਰੀ ਅਤੇ ਕਲੀਨਿਕਲ ਡੇਟਾ ਦਾ ਵਿਸ਼ਲੇਸ਼ਣ ਕੀਤਾ। ਇਸ ਦੌਰਾਨ-

★ ਹਰ ਕੇਸ ਵਿੱਚ ਮੌਤ ਦਾ ਅਸਲੀ ਕਾਰਨ ਤੈਅ ਕੀਤਾ ਗਿਆ।

★ ਦਿਲ, ਦਿਮਾਗ ਅਤੇ ਹੋਰ ਅੰਗਾਂ ਦੀ ਜਾਂਚ ਕੀਤੀ ਗਈ।

★ ਇਸ ਤੋਂ ਇਹ ਸਾਫ਼ ਹੋਇਆ ਕਿ ਸਭ ਤੋਂ ਜ਼ਿਆਦਾ ਮਾਮਲਿਆਂ ਵਿੱਚ ਦਿਲ ਨਾਲ ਜੁੜੀਆਂ ਸਮੱਸਿਆਵਾਂ ਜ਼ਿੰਮੇਵਾਰ ਸੀ।



**ਡਾ. ਰਿਪੁਦਮਨ ਸਿੰਘ**
ਸਦਭਾਵਨਾ ਮੈਡੀਕਲ ਤੇ ਹਾਰਟ ਇਂਸਟੀਚਿਊਟ, ਪਟਿਆਲਾ
ਮੋ. 98152-00134

### ਸਟੱਡੀ ਵਿੱਚ ਕੀ ਸਾਹਮਣੇ ਆਇਆ ?

AIIMS ਅਤੇ ਇਸ ਨਾਲ ਜੁੜੇ ਖੋਜਕਾਰਾਂ ਨੇ ਇੱਕ ਸਾਲ ਦੇ ਦੌਰਾਨ ਹੋਈ 18 ਤੋਂ 45 ਸਾਲ ਦੀ ਉਮਰ ਦੇ ਲੋਕਾਂ ਵਿੱਚ ਹੋਣ ਵਾਲੀ ਅਚਾਨਕ ਮੌਤਾਂ ਦਾ ਗਹਿਰਾਈ ਨਾਲ ਵਿਸ਼ਲੇਸ਼ਣ ਕੀਤਾ। ਇਸ ਵਿੱਚ ਉਨ੍ਹਾਂ ਮਾਮਲਿਆਂ ਨੂੰ ਸ਼ਾਮਿਲ ਕੀਤਾ ਗਿਆ, ਜਿੱਥੇ ਵਿਅਕਤੀ ਪੂਰੀ ਤਰ੍ਹਾਂ ਠੀਕ ਦਿੱਖ ਰਿਹਾ ਸੀ ਅਤੇ ਅਚਾਨਕ ਉਸ ਦੀ ਮੌਤ ਹੋ ਗਈ। ਇਸ ਰਿਪੋਰਟ ਵਿੱਚ ਸਾਹਮਣੇ ਆਇਆ ਕਿ ਅਚਾਨਕ ਹੋਈਆਂ ਮੌਤਾਂ ਦੇ ਜ਼ਿਆਦਾਤਰ ਮਾਮਲਿਆਂ ਵਿੱਚ ਮੌਤ ਦੀ ਵਜ੍ਹਾ ਕੋਰੋਨਰੀ ਆਰਟਰੀ ਡਿਜੀਜ (ਦਿਲ ਦੀਆਂ ਨਸਾਂ ਵਿੱਚ ਹੌਲੀ-ਹੌਲੀ ਜਮ੍ਹਾ ਹੋਇਆ ਫੈਟ ਅਤੇ ਬਲਾਕੇਜ) ਨਾਲ ਜੁੜੇ ਰੋਗ ਸੀ। ਇਸ ਦਾ ਕੋਵਿਡ-19 ਦੀ ਵੈਕਸੀਨ ਜਾਂ ਕਿਸੇ ਹੋਰ ਵੈਕਸੀਨ ਨਾਲ ਕੋਈ ਸੰਬੰਧ ਸਾਹਮਣੇ ਨਹੀਂ ਆਇਆ।

ਇਹ ਜ਼ਰੂਰ ਹੈ ਕਿ ਇਹਨਾਂ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਮੌਤ ਤੋਂ ਪਹਿਲਾਂ ਕੋਈ ਵੱਡੇ ਸਪੱਸ਼ਟ ਲੱਛਣ ਮਹਿਸੂਸ ਨਹੀਂ ਹੋਏ ਸਨ। ਲੇਕਿਨ ਵਿਗਿਆਨੀਆਂ ਦੇ ਅਨੁਸਾਰ ਉਨ੍ਹਾਂ ਵਿੱਚ ਰੋਗ ਅੰਦਰ ਹੀ ਅੰਦਰ ਸਾਲਾਂ ਤੋਂ ਵਿਕਸਿਤ ਹੋ ਰਹੇ ਸੀ।

### ਜਵਾਨ ਉਮਰ ਵਿੱਚ ਦਿਲ ਦੇ ਰੋਗ ਕਿਉਂ ਵੱਧ ਰਹੇ ਹਨ ?

ਇਸ ਸਟੱਡੀ ਵਿੱਚ ਸਿੱਧੇ ਤੌਰ ਉੱਤੇ ਯੁਵਾਵਾਂ ਦੀ ਖ਼ਰਾਬ ਲਾਇਫਸਟਾਇਲ ਅਤੇ ਖ਼ਰਾਬ ਖਾਣ-ਪੀਣ ਨੂੰ ਹਾਰਟ ਅਟੈਕ ਦਾ ਜ਼ਿੰਮੇਦਾਰ ਮੰਨਿਆ ਗਿਆ ਹੈ। ਖੋਜਕਾਰਾਂ ਨੂੰ ਖਾਸ ਤੌਰ ਉੱਤੇ ਇਸ ਚੀਜ਼ਾਂ ਨਾਲ ਹਾਰਟ ਅਟੈਕ ਦਾ ਲਿੰਕ ਮਿਲਿਆ -

★ ਸਮੋਕਿੰਗ ਅਤੇ ਤੰਬਾਕੂ ਦਾ ਸੇਵਨ।

★ ਫਿਜ਼ਿਕਲ ਏਕਟਿਵਿਟੀ ਦੀ ਕਮੀ।

★ ਮੋਟਾਪਾ ਅਤੇ ਢਿੱਡ ਦੀ ਚਰਬੀ।

★ ਹਾਈ ਕੋਲੇਸਟਰਾਲ।

★ ਅਨਿਯਮਿਤ ਨੀਂਦ।

★ ਲਗਾਤਾਰ ਤਨਾਓ।

ਇਹ ਸਾਰੇ ਫੈਕਟਰ ਮਿਲ ਕੇ ਦਿਲ ਦੀਆਂ ਨਸਾਂ ਨੂੰ ਹੌਲੀ-ਹੌਲੀ ਨੁਕਸਾਨ ਪਹੁੰਚਾਉਂਦੀਆਂ ਹਨ, ਜਿਸ ਦਾ ਪਤਾ ਅਕਸਰ ਬਹੁਤ ਦੇਰ ਤੋਂ ਚੱਲਦਾ ਹੈ।

ਕੁੱਲ ਮਿਲਾ ਕੇ AIIMS ਦੀ ਇਹ ਸਟੱਡੀ ਦੱਸਦੀ ਹੈ ਕਿ ਲੰਮੀ ਉਮਰ ਅਤੇ ਸਵਸਥ ਜੀਵਨ ਲਈ ਲਾਇਫਸਟਾਇਲ ਉੱਤੇ ਧਿਆਨ ਦੇਣਾ ਕਿਉਂ ਜ਼ਰੂਰੀ ਹੈ। ਗਲਤ ਲਾਇਫਸਟਾਇਲ ਦੇ ਕਾਰਣ ਦਿਲ ਦੇ ਰੋਗ ਦਾ ਖ਼ਤਰਾ ਤਾਂ ਵੱਧਦਾ ਹੀ ਹੈ ਨਾਲ ਹੀ ਹੋਰ ਵੀ ਕਈ ਗੰਭੀਰ ਬਿਮਾਰੀਆਂ ਦਾ ਵੀ ਖ਼ਤਰਾ ਵੱਧਦਾ ਹੈ। ਜੇਕਰ ਸਮਾਂ ਰਹਿੰਦੇ ਦਿਲ ਦੀ ਸਿਹਤ ਨੂੰ ਗੰਭੀਰਤਾ ਨਾਲ ਲਿਆ ਜਾਵੇ ਤਾਂ ਕਈ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ।

ਸੋ ਆਓ ਆਪਾਂ ਸਾਰੇ ਰਲ ਕੇ ਆਪਣੇ ਜੀਵਨ ਨੂੰ ਉੱਤਮ ਤੇ ਲੰਮਾਂ ਜਾਣ ਲਈ ਆਪਣੇ ਵੱਲੋਂ ਹਿੰਮਤ ਕਰਕੇ ਹਰ ਰੋਜ਼ ਹਲਕੀ ਫੁਲਕੀ ਕਸਰਤ ਕਰਨੀ ਸ਼ੁਰੂ ਕਰੀਏ ਜਿਸ ਵਿੱਚ ਤੇਜ਼ ਤੁਰਨਾ ਹੀ ਬਹੁਤ ਹੈ, ਸਾਫ-ਸੁਥਰਾ ਭੋਜਨ ਕਰੀਏ, ਕੁਦਰਤ ਨਾਲ ਜੁੜਨਾ ਚਾਲੂ ਕਰੀਏ, ਤੰਬਾਕੂ ਤੋਂ ਪਰਹੇਜ਼ ਕੀਤਾ ਜਾਵੇ, ਬੰਦ ਕਮਰਿਆਂ ਤੋਂ ਬਾਹਰ ਆਓ। ਘੀ, ਤੇਲ ਨੂੰ ਵਰਤੋਂ ਵਿੱਚੋਂ ਘਟਾਓ। ਅਸੀਂ ਕਰ ਸਕਦੇ ਹਾਂ ਬਸ ਕਰਨ ਦੀ ਸੋਚ ਬਣਾਓ।

# ਗੁਣਾਂ ਦਾ ਖਜ਼ਾਨਾ ਅੰਜੀਰ

ਡਾ. ਹਰਸ਼ਿੰਦਰ ਕੌਰ,
ਐਮ. ਡੀ., 28, ਪ੍ਰੀਤ ਨਗਰ,
ਲੋਅਰ ਮਾਲ, ਪਟਿਆਲਾ।

ਅੰਜੀਰ ਦੀ ਸਭ ਤੋਂ ਵੱਧ ਮਹੱਤਤਾ ਇਸ ਦੇ ਨਾਲ ਮਿਲਦੇ ਮਰਦਾਨਾ ਕਮਜ਼ੋਰੀ ਵਿਚ ਫਾਇਦੇ ਸਦਕਾ ਹੈ। ਅਣਗਿਣਤ ਆਯੁਰਵੈਦਿਕ ਦਵਾਈਆਂ, ਐਲੋਪੈਥਿਕ ਖੋਜਾਂ ਅਤੇ ਵਿਸ਼ਵ ਪ੍ਰਸਿੱਧ ਵਿਗਿਆਨੀਆਂ ਵਲੋਂ ਸੁਝਾਏ ਨੁਕਤਿਆਂ ਅਨੁਸਾਰ ਮਰਦਾਨਾ ਕਮਜ਼ੋਰੀ ਲਈ ਰਾਤ ਭਰ ਭਿਉਂ ਕੇ ਰੱਖੀਆਂ ਦੋ ਅੰਜੀਰਾਂ, 4 ਬਦਾਮ ਅਤੇ 2 ਅਖਰੋਟ ਜਦੋਂ ਗਰਮ ਦੁੱਧ ਨਾਲ ਸਵੇਰੇ ਲੈ ਲਏ ਜਾਣ ਤਾਂ ਮਰਦਾਨਾ ਕਮਜ਼ੋਰੀ ਵਿਚ ਬਹੁਤ ਫਰਕ ਪੈ ਜਾਂਦਾ ਹੈ।

ਖੋਜਾਂ ਇਹ ਵੀ ਸਪੱਸ਼ਟ ਕਰ ਚੁੱਕੀਆਂ ਹਨ ਕਿ ਸਰੀਰ ਲਈ ਲੋੜੀਂਦੇ ਤੱਤ ਜਿਵੇਂ ਸੀਲੀਨੀਅਮ, ਵਿਟਾਮਿਨ ਈ, ਜ਼ਿੰਕ, ਓਮੇਗਾ ਤਿੰਨ ਫੈਟੀ ਏਸਿਡ, ਫੋਲੇਟ ਆਦਿ ਸਭ ਅੰਜੀਰ ਵਿਚ ਮੌਜੂਦ ਹਨ ਤੇ ਪੂਰੀ ਮਾਤਰਾ ਵਿਚ ਹਨ। ਇਸੇ ਲਈ ਸੁਪਰ-ਫੂਡ ਮੰਨੀ ਜਾ ਚੁੱਕੀ ਅੰਜੀਰ ਨੂੰ ਹੁਣ ਕਈ ਲੋਕ ਰਾਤ ਭਰ ਭਿਉਂ ਕੇ ਉਸ ਨਾਲ ਭਿੱਜੇ ਬਦਾਮ, ਅਖਰੋਟ ਅਤੇ ਨਾਲੋ-ਨਾਲ ਹੇਜ਼ਲ ਨੱਟ ਵੀ ਖਾਣ ਲੱਗ ਪਏ ਹਨ।

ਲੋਹ ਕਣਾਂ ਨਾਲ ਭਰਪੂਰ ਹੋਣ ਸਦਕਾ ਅੰਜੀਰ ਲਹੂ ਦੀ ਕਮੀ ਨਾਲ ਜੂਝਦੇ ਮਰੀਜ਼ਾਂ ਲਈ ਵੀ ਵਰਦਾਨ ਸਾਬਤ ਹੋ ਚੁੱਕੀ ਹੈ। ਥਕਾਨ ਬਾਅਦ ਜੇ ਦੋ ਅੰਜੀਰਾਂ ਖਾ ਲਈਆਂ ਜਾਣ ਤਾਂ ਝਟਪਟ ਥਕਾਵਟ ਦੂਰ ਹੋ ਜਾਂਦੀ ਹੈ। ਜੇ ਯੂਰਿਕ ਐਸਿਡ ਵਧਿਆ ਹੋਵੇ ਤਾਂ ਪੂਰੀ ਦਵਾਈ ਖਾਣ ਦੇ ਨਾਲੋ-ਨਾਲ ਖਾਣ-ਪੀਣ ਵਿਚ ਪਰਹੇਜ਼ ਕਰਨ ਅਤੇ ਇਕ ਮਹੀਨੇ ਲਈ ਅੰਜੀਰ ਖਾਣ ਨਾਲ ਯੂਰਿਕ ਐਸਿਡ ਛੇਤੀ ਘੱਟ ਹੋ ਜਾਂਦਾ ਹੈ।

ਫਾਈਬਰ ਭਰਪੂਰ ਹੋਣ ਕਾਰਨ ਇਸ ਨੂੰ ਖਾਣ ਨਾਲ ਕਬਜ਼ ਵੀ ਠੀਕ ਹੋ ਸਕਦੀ ਹੈ। ਕੈਲਸ਼ੀਅਮ ਤੇ ਫਾਸਫੋਰਸ ਕਾਰਨ ਅੰਜੀਰ ਹੱਡੀਆਂ ਵੀ ਤੰਦਰੁਸਤ ਰੱਖਦੀ ਹੈ। ਦਿਲ ਸਿਹਤਮੰਦ ਰੱਖਣ ਵਿਚ ਵੀ ਅੰਜੀਰ ਲਾਹੇਵੰਦ ਹੈ।

ਸ਼ੱਕਰ ਰੋਗੀਆਂ ਲਈ ਅੰਜੀਰ ਰੱਬੀ ਸੁਗਾਤ ਹੀ ਮੰਨੀ ਜਾ ਸਕਦੀ ਹੈ, ਕਿਉਂਕਿ ਇਸ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੈ ਤੇ ਬਿੰਦਾ ਉੱਕਾ ਹੀ ਨਹੀਂ ਹੈ। ਗਰਭਵਤੀ ਔਰਤਾਂ ਵੀ ਜੇ ਰੋਜ਼ ਰਾਤ ਦੋ ਅੰਜੀਰਾਂ ਭਿਉਂ ਕੇ ਸਵੇਰੇ ਖਾਂਦੀਆਂ ਰਹਿਣ ਤਾਂ ਜੱਚਾ-ਬੱਚਾ, ਦੋਵਾਂ ਨੂੰ ਹੀ ਫਾਇਦਾ ਪਹੁੰਚ ਜਾਂਦਾ ਹੈ।

ਜੇ ਮਾਂਹਵਾਰੀ ਦੌਰਾਨ ਥਕਾਨ, ਪੀੜ, ਚੱਕਰ ਆਦਿ ਆਉਂਦੇ ਹੋਣ ਤਾਂ ਦਵਾਈ ਦੇ ਨਾਲ ਉਨ੍ਹਾਂ ਦਿਨਾਂ ਵਿਚ ਅੰਜੀਰ ਜ਼ਰੂਰ ਖਾ ਲੈਣੀ ਚਾਹੀਦੀ ਹੈ।

ਜਿਨ੍ਹਾਂ ਦੀ ਮਾਂਹਵਾਰੀ ਬੰਦ ਹੋ ਚੁੱਕੀ ਹੋਵੇ, ਉਨ੍ਹਾਂ ਲਈ ਵੀ ਮਾੜੇ ਲੱਛਣ ਘਟਾਉਣ ਵਿਚ ਅੰਜੀਰ ਮਦਦ ਕਰਦੀ ਹੈ। ਜਿਨ੍ਹਾਂ ਵਿਚ ਹਾਰਮੋਨਾਂ ਦੀ ਗੜਬੜੀ ਹੋਵੇ (PCOD), ਉਨ੍ਹਾਂ ਔਰਤਾਂ ਨੂੰ ਵੀ ਤਿੰਨ ਮਹੀਨੇ ਲਗਾਤਾਰ ਰੋਜ਼ ਸਵੇਰੇ ਰਾਤ ਦੀਆਂ ਭਿਉਂ ਕੇ ਰੱਖੀਆਂ ਤਿੰਨ ਅੰਜੀਰਾਂ ਗਰਮ ਦੁੱਧ ਨਾਲ ਖਾ ਲੈਣੀਆਂ ਚਾਹੀਦੀਆਂ ਹਨ। ਇੱਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਨਾਲੋ-ਨਾਲ ਡਾਕਟਰੀ ਇਲਾਜ ਜ਼ਰੂਰ ਕਰਨਾ ਚਾਹੀਦਾ ਹੈ।

ਜਿਨ੍ਹਾਂ ਨੂੰ ਨੀਂਦਰ ਠੀਕ ਨਾ ਆਉਂਦੀ ਹੋਵੇ, ਉਨ੍ਹਾਂ ਨੂੰ ਵੀ ਰਾਤ ਵੇਲੇ ਤਣਾਅ ਘਟਾ ਕੇ, ਮਧੁਰ ਸੰਗੀਤ ਸੁਣਦਿਆਂ, ਤਲੀਆਂ ਚੀਜ਼ਾਂ ਖਾਣ ਦੀ ਥਾਂ ਗਰਮ ਦੁੱਧ ਵਿਚ ਦੋ ਅੰਜੀਰਾਂ ਉਬਾਲ ਕੇ ਜ਼ਰੂਰ ਖਾ ਲੈਣੀਆਂ ਚਾਹੀਦੀਆਂ ਹਨ।

**ਵਾਲਾਂ ਲਈ** : ਅੰਜੀਰ ਵਿਚਲੇ ਮੈਗਨੀਸ਼ੀਅਮ, ਵਿਟਾਮਿਨ ਸੀ ਅਤੇ ਈ ਇਸ ਨੂੰ ਵਾਲ ਵਧਾਉਣ ਲਈ ਵਧੀਆ ਦਵਾਈ ਬਣਾ ਦਿੰਦੇ ਹਨ।

**ਭਾਰ ਘਟਾਉਣ ਲਈ** : ਰੋਜ਼ਾਨਾ ਕਸਰਤ ਤੇ ਸੰਤੁਲਿਤ ਖ਼ੁਰਾਕ ਦੇ ਨਾਲ ਰੋਜ਼ ਦੋ ਅੰਜੀਰਾਂ ਖਾਣ ਨਾਲ ਇਸ ਵਿਚਲੇ ਫਾਈਬਰ ਸਦਕਾ ਭਾਰ ਕਾਬੂ ਵਿਚ ਰੱਖਿਆ ਜਾ ਸਕਦਾ ਹੈ। ਜੇ ਰੋਜ਼ 6 ਤੋਂ ਵੱਧ ਅੰਜੀਰਾਂ ਖਾਧੀਆਂ ਜਾਣ ਤਾਂ ਭਾਰ ਵਧਣ ਲੱਗ ਸਕਦਾ ਹੈ, ਤਗੜੀ ਐਲਰਜੀ ਹੋ ਸਕਦੀ ਹੈ, ਤਿੱਖੀ ਢਿੱਡ ਪੀੜ ਹੋ ਸਕਦੀ ਹੈ, ਬਲੱਡ ਪ੍ਰੈਸ਼ਰ ਘੱਟ ਸਕਦਾ ਹੈ, ਟੱਟੀਆਂ ਲੱਗ ਸਕਦੀਆਂ ਹਨ, ਨਿੱਛਾਂ ਆ ਸਕਦੀਆਂ ਹਨ, ਲਹੂ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੋ ਜਾਂਦੀ ਹੈ ਤੇ ਅੱਖ ਦੀ ਅੰਦਰਲੀ ਪਰਤ ਵਿਚ ਲਹੂ ਤੱਕ ਚਲ ਸਕਦਾ ਹੈ।



ਹਾਲਾਂਕਿ ਕਈ ਇਨਸਾਨਾਂ ਉੱਤੇ ਹੋਈ ਖੋਜ ਇਹ ਤੱਥ ਸਾਬਤ ਨਹੀਂ ਕਰ ਸਕੀ ਪਰ ਚੂਹਿਆਂ ਉੱਤੇ ਹੋਈ ਖੋਜ ਇਹ ਸਾਬਤ ਕਰ ਚੁੱਕੀ ਹੈ ਕਿ ਅੰਜੀਰ ਲਹੂ ਵਗਣ ਵਿਚ ਰੋਕ ਲਾ ਸਕਦੀ ਹੈ, ਕਿਉਂਕਿ ਇਸ ਦੇ ਅਸਰ ਅਧੀਨ ਲਹੂ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ।

**ਲੋਹ ਕਣ ਭਰਪੂਰ ਫਲ ਸਬਜ਼ੀਆਂ** : ਅੰਜੀਰ ਤਾਂ ਲੋਹ ਕਣਾਂ ਨਾਲ ਭਰਪੂਰ ਹੈ ਹੀ, ਪਰ ਜੇ ਸਭ ਦੀ ਰੋਜ਼ਾਨਾ ਦੀ ਖ਼ੁਰਾਕ ਵਿਚ ਵੱਖੋ-ਵੱਖ ਫਲ ਸਬਜ਼ੀਆਂ ਸ਼ਾਮਿਲ ਕਰ ਲਈਆਂ ਜਾਣ ਤਾਂ ਲਹੂ ਦੀ ਕਮੀ ਖ਼ਤਮ ਕੀਤੀ ਜਾ ਸਕਦੀ ਹੈ। ਇਹ ਹਨ :-

★ ਹਦਵਾਣਾ
★ ਪਾਲਕ
★ ਸੌਗੀ
★ ਸ਼ੱਕਰਕੰਦੀ
★ ਖਜੂਰ
★ ਮਟਰ
★ ਸਟਰਾਅਬੇਰੀ
★ ਬਰੋਕਲੀ
★ ਆੜੂ
★ ਹਰੀਆਂ ਫਲੀਆਂ
★ ਅਲੂਚਾ
★ ਕੇਲ ਪੱਤਾ

**ਸਾਰ** : ਕੁਦਰਤ ਨੇ ਸਾਨੂੰ ਬੇਸ਼ਕੀਮਤੀ ਚੀਜ਼ਾਂ ਤੰਦਰੁਸਤ ਰਹਿਣ ਲਈ ਦਿੱਤੀਆਂ ਹੋਈਆਂ ਹਨ। ਜੇ ਅਸੀਂ ਇਨ੍ਹਾਂ ਦੀ ਸਹੀ ਸੰਭਾਲ ਕਰ ਕੇ, ਸਹੀ ਢੰਗ ਨਾਲ ਖਾਣਾ ਸ਼ੁਰੂ ਕਰ ਦੇਈਏ ਤਾਂ ਲੰਮੀ ਉਮਰ ਭੋਗ ਸਕਦੇ ਹਾਂ ਅਤੇ ਅਨੇਕ ਬਿਮਾਰੀਆਂ ਤੋਂ ਬਚ ਵੀ ਸਕਦੇ ਹਾਂ।

# ਹਲਕਾਅ ਪਸ਼ੂਆਂ ਅਤੇ ਮਨੁੱਖਾਂ ਦਾ ਇੱਕ ਲਾਇਲਾਜ ਰੋਗ



ਹਲਕਾਅ ਇੱਕ ਜ਼ੂਨੇਟਿਕ (ਬਿਮਾਰੀ ਜੋ ਜਾਨਵਰਾ ਤੋਂ ਮਨੁੱਖਾਂ ਵਿੱਚ ਫੈਲਦੀ ਹੈ) ਰੋਗ ਹੈ ਜੋ ਕਿ 'ਲਾਇਸਾ' (Lyssa virus) ਨਾਮਕ ਵਿਸ਼ਾਣੂ ਕਾਰਨ ਹੁੰਦੀ ਹੈ ਅਤੇ ਸਾਰੇ ਵਿਸ਼ਵ ਵਿੱਚ ਪਾਈ ਜਾਂਦੀ ਹੈ, ਪਰ ਆਸਟ੍ਰੇਲੀਆ, ਜਾਪਾਨ, ਨਿਊਜ਼ੀਲੈਂਡ ਆਦਿ ਵਰਗੇ ਦੇਸ਼ ਇਸ ਭਿਆਨਕ ਬਿਮਾਰੀ ਤੋਂ ਮੁਕਤ ਹਨ । ਇਹ ਬਿਮਾਰੀ ਥਣਧਾਰੀ ਜੀਵਾਂ ਨੂੰ ਪ੍ਰਭਾਵਿਤ ਕਰਦੀ ਹੈ । ਇਹ ਇੱਕ ਅਜਿਹਾ ਰੋਗ ਹੈ ਜਿਸਨੇ ਮਨੁੱਖਤਾ ਦੀ ਹੱਦ ਤੇ ਮਨੁੱਖਾਂ ਵਿੱਚ ਡਰ ਕਾਇਮ ਰੱਖਿਆ ਹੋਇਆ ਹੈ ਕਿਉਂਕਿ ਇੱਕ ਵਾਰੀ ਲੱਛਣ ਆਉਣ ਤੇ ਇਸਦਾ ਕੋਈ ਇਲਾਜ ਨਹੀਂ ਹੈ । ਇਹ ਬਿਮਾਰੀ ਮੁੱਖ ਤੌਰ ਤੇ ਹਲਕੇ ਹੋਏ ਕੁੱਤਿਆਂ ਤੋਂ ਫੈਲਦੀ ਹੈ ।

ਡਾ. ਸਾਹਿਲ ਕੁਮਾਰ,
ਵੈਟਰਨਰੀ ਪੋਲੀਕਲੀਨਿਕ,
ਫਰੀਦਕੋਟ
(ਮੋ. 950 14-95800)

### ਹਲਕਾਅ ਦੇ ਕਾਰਨ ਅਤੇ ਇਹ ਕਿਵੇਂ ਫੈਲਦੀ ਹੈ ?

ਹਲਕਾਅ ਹਲਕੇ ਹੋਏ ਜਾਨਵਰ ਦੇ ਵੱਢਣ ਨਾਲ ਜਾਂ ਹਲਕੇ ਹੋਏ ਜਾਨਵਰਾਂ ਦੀ ਲਾਰ ਦਾ ਸੰਪਰਕ ਤੰਦਰੁਸਤ ਮਨੁੱਖ ਜਾਂ ਜਾਨਵਰ ਦੇ ਅੱਖ, ਨੱਕ ਅਤੇ ਜ਼ਖਮ ਦੇ ਸਿੱਧੇ ਸੰਪਰਕ ਵਿੱਚ ਆਉਣ ਕਾਰਨ ਹੋ ਸਕਦਾ ਹੈ । ਸੂਬੇ ਵਿੱਚ ਇਹ ਬਿਮਾਰੀ ਹਲਕੇ ਹੋਏ ਕੁੱਤਿਆਂ ਤੋਂ ਇਲਾਵਾ ਨਿਊਲੇ, ਲੂੰਬੜੀ, ਗਿੱਦੜ ਆਦਿ ਦੇ ਕਾਰਨ ਵੀ ਫੈਲਦੀ ਹੈ ।

### ਮਨੁੱਖੀ ਅਤੇ ਜਾਨਵਰਾਂ ਦੇ ਸਰੀਰ ਉੱਤੇ ਪ੍ਰਭਾਵ

ਹਲਕੇ ਜਾਨਵਰ ਦੇ ਵੱਢਣ ਜਾਂ ਲਾਰ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਇਹ ਵਿਸ਼ਾਣੂ ਜ਼ਖਮ ਵਿੱਚ ਕੁੱਝ ਸਮੇਂ ਲਈ ਬੇ-ਹਰਕਤ ਹੋ ਜਾਂਦੇ ਹਨ । ਇਸ ਤੋਂ ਬਾਅਦ ਇਹ ਵਿਸ਼ਾਣੂੰ ਨਸਾਂ ਦੇ ਰਾਹੀਂ ਹੁੰਦਾ ਹੋਇਆ ਪਹਿਲਾ ਰੀੜ੍ਹ ਦੀ ਹੱਡੀ ਅਤੇ ਬਾਅਦ ਵਿੱਚ ਦਿਮਾਗ ਵਿੱਚ ਪਹੁੰਚ ਜਾਂਦਾ ਹੈ । ਦਿਮਾਗ ਵਿੱਚ ਪਹੁੰਚਣ ਉਪਰੰਤ ਇਹ ਵਿਸ਼ਾਣੂੰ ਦਿਮਾਗ ਦੇ ਤੰਤੂਆਂ ਨੂੰ ਨਸ਼ਟ ਕਰਦੇ ਹੋਏ ਨਸਾਂ ਰਾਹੀਂ ਲਾਰ



ਗ੍ਰੰਥੀਆਂ ਵਿੱਚ ਪਹੁੰਚ ਕੇ ਜਾਨਵਰ ਦੀ ਲਾਰ ਵਿੱਚ ਸ਼ਾਮਿਲ ਹੋ ਜਾਂਦੇ ਹਨ । ਇਸ ਪ੍ਰਕਿਰਿਆ ਉਪਰੰਤ ਜਾਨਵਰਾਂ ਅਤੇ ਮਨੁੱਖੀ ਜੀਵਾਂ ਵਿੱਚ ਇਸ ਬਿਮਾਰੀ ਦੇ ਲੱਛਣ ਦਿਖਣੇ ਸ਼ੁਰੂ ਹੋ ਜਾਂਦੇ ਹਨ । ਹਲਕਾਅ ਦੇ ਲੱਛਣ ਆਉਣ ਉਪਰੰਤ ਅਗਲੇ 10 ਦਿਨਾਂ ਦੇ ਅੰਦਰ ਪੀੜਿਤ ਜਾਨਵਰ ਦੀ ਮੌਤ ਹੋ ਜਾਂਦੀ ਹੈ ।

### ਹਲਕਾਅ ਦੀਆਂ ਕਿਸਮਾਂ ਅਤੇ ਲੱਛਣ

ਮੁੱਖ ਤੌਰ ਤੇ ਇਹ ਬਿਮਾਰੀ ਦੀਆਂ ਦੋ ਕਿਸਮਾਂ ਹਨ । ਫਿਊਰੀਅਸ ਅਤੇ ਡੰਬ ਕਿਸਮ ।

### ਫਿਊਰੀਅਸ ਕਿਸਮ

ਹਲਕਾਅ ਦੀ ਇਹ ਕਿਸਮ ਮੁੱਖ ਤੌਰ 'ਤੇ ਕੁੱਤਿਆਂ ਵਿੱਚ ਪਾਈ ਜਾਂਦੀ ਹੈ । ਇਸ ਕਿਸਮ ਵਿੱਚ ਜਾਨਵਰ ਜ਼ਿਆਦਾ ਗੁਸੈਲ ਹੋ ਜਾਂਦਾ ਹੈ, ਸਾਹਮਣੇ ਆਉਣ ਵਾਲੀ ਹਰ ਚੀਜ਼ ਨੂੰ ਵੱਢਣ ਦੀ ਕੋਸ਼ਿਸ਼ ਕਰਦਾ ਹੈ, ਮੂੰਹ ਵਿੱਚੋਂ ਲਾਰਾਂ ਵੱਗਦੀਆਂ ਹਨ, ਭੁੱਖ ਘੱਟ ਜਾਂਦੀ ਹੈ, ਆਵਾਜ਼ ਭਾਰੀ ਹੋ ਜਾਂਦੀ ਹੈ ਅਤੇ ਜਾਨਵਰ ਪਾਗਲਾਂ ਵਾਂਗ ਇੱਧਰ-ਉੱਧਰ ਭਟਕਦਾ ਰਹਿੰਦਾ ਹੈ । ਗਾਂਵਾਂ ਅਤੇ ਮੱਝਾਂ ਥੋੜ੍ਹੇ-ਥੋੜ੍ਹੇ ਵਕਫ਼ੇ ਤੇ ਅੜਿੰਗਦੀਆਂ ਰਹਿੰਦੀਆਂ ਤੇ ਪਿਸ਼ਾਬ ਕਰਦੀਆਂ ਹਨ । ਇਸ ਦੌਰਾਨ ਪਸ਼ੂਆਂ ਵਿੱਚ ਕਾਮ ਲਈ ਉਤਸੁਕਤਾ ਵੀ ਵਧੇਰੇ ਹੋ ਜਾਂਦੀ ਹੈ ।

### ਡੰਬ ਕਿਸਮ

ਹਲਕਾਅ ਦੀ ਇਸ ਕਿਸਮ ਵਿੱਚ ਜਾਨਵਰ ਬਿੱਲਕੁਲ ਸ਼ਾਂਤ ਹੋ ਜਾਂਦਾ ਹੈ ਅਤੇ ਹਰ ਚੀਜ਼ ਤੋਂ ਡਰਦਾ ਹੈ । ਇਸ ਦੌਰਾਨ ਗਲੇ ਦਾ ਅਧਰੰਗ ਹੋਣ ਕਾਰਨ ਜਾਨਵਰ ਖਾਣਾ ਅਤੇ ਪੀਣਾ ਛੱਡ ਦਿੰਦਾ ਹੈ ਤੇ ਮੂੰਹ ਵਿੱਚੋਂ ਲਗਾਤਾਰ ਲਾਰਾਂ ਵੱਗਦੀਆਂ ਹਨ ਅਤੇ ਕਈ ਵਾਰ ਜਬਾੜਾ ਵੀ ਖੁੱਲ੍ਹਾ ਰਹਿ ਜਾਂਦਾ ਹੈ । ਬਿਮਾਰੀ ਦੇ ਅਖੀਰਲੇ ਪੜਾਅ ਵਿੱਚ ਸਿਰ, ਧੌਣ ਅਤੇ ਲੱਤਾਂ ਦਾ ਅਧਰੰਗ ਹੋ ਜਾਂਦਾ ਹੈ ਜਿਸ ਕਰਕੇ ਜਾਨਵਰ ਤੋਂ ਉੱਠਿਆ ਨਹੀਂ ਜਾਂਦਾ ਅਤੇ ਪਿਛਲਾ ਪਾਸਾ ਮਾਰਿਆ ਜਾਂਦਾ ਹੈ ।

### ਹਲਕਾਅ ਦੀ ਪਛਾਣ

ਜਾਨਵਰ ਦੀ ਮੌਤ ਹੋਣ ਉਪਰੰਤ, ਪਸ਼ੂ ਦੇ ਦਿਮਾਗ ਦੀ ਜਾਂਚ ਕਰਕੇ ਹਲਕੇ ਜਾਨਵਰ ਦੀ ਪਛਾਣ ਕੀਤੀ ਜਾ ਸਕਦੀ ਹੈ । ਇਹ ਜਾਂਚ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸ ਯੂਨੀਵਰਸਿਟੀ, ਲੁਧਿਆਣਾ ਦੇ ਵੈਟਰਨਰੀ ਪਥਾਲੋਜੀ ਵਿਭਾਗ ਵਿੱਚ ਕੀਤੀ ਜਾਂਦੀ ਹੈ ।

### ਬਚਾਅ ਅਤੇ ਰੋਕਥਾਮ

★ ਕੁੱਤੇ ਦੇ ਵੱਢਣ ਉਪਰੰਤ, ਜ਼ਖਮ ਵਾਲੀ ਥਾਂ ਨੂੰ ਤੁਰੰਤ ਵੱਗਦੇ ਹੋਏ ਪਾਣੀ ਅਤੇ ਕੱਪੜੇ ਧੋਣ ਵਾਲੀ ਸਾਬਣ ਨਾਲ ਚੰਗੀ ਤਰ੍ਹਾਂ 10-15 ਮਿੰਟਾਂ ਤੱਕ ਧੋਣਾ ਚਾਹੀਦਾ ਹੈ ।

★ ਤੁਰੰਤ ਡਾਕਟਰੀ ਸਲਾਹ ਲੈ ਕੇ ''ਐਂਟੀਰੈਬੀਜ਼ ਟੀਕਾਕਰਣ'' ਕਰਵਾਉਣਾ ਚਾਹੀਦਾ ਹੈ ।

★ ਇਸ ਦੇ ਨਾਲ ਹੀ ਜੇਕਰ ਜ਼ਖਮ ਡੂੰਘਾ ਹੈ ਤਾਂ ਤੁਰੰਤ ਹੀ ''ਰੈਬੀਜ਼ ਇਮਯੂਨੋਗਲੋਬੁਲਿਨ'' ਜ਼ਖਮ ਦੇ ਆਲੇ-ਦੁਆਲੇ ਲਗਵਾਉਣਾ ਚਾਹੀਦਾ ਹੈ ।

★ ਪਾਲਤੂ ਕੁੱਤਿਆਂ ਅਤੇ ਬਿੱਲੀਆਂ ਦੇ ਡਾਕਟਰੀ ਸਲਾਹ ਨਾਲ ਤਿੰਨ ਮਹੀਨੇ ਦੀ ਉਮਰ ਤੇ ਐਂਟੀਰੈਬੀਜ਼ ਟੀਕਾਕਰਣ ਕਰਵਾਉਣਾ ਚਾਹੀਦਾ ਹੈ ।

# ਸਰਦੀਆਂ ਵਿੱਚ ਪਸ਼ੂਆਂ ਦਾ ਰੱਖੋ ਖਾਸ ਖਿਆਲ



ਮਧੂ ਸ਼ੈਲੀ, ਡਾਇਰੈਕਟੋਰੇਟ ਪਸਾਰ ਸਿੱਖਿਆ (ਮੋਬਾਇਲ : 96434-42427)

ਸਰਦੀਆਂ ਵਿੱਚ ਪਸ਼ੂਆਂ ਲਈ ਢਾਰਿਆਂ ਦਾ ਪ੍ਰਬੰਧ ਬਹੁਤ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਨੂੰ ਠੰਡੀ ਹਵਾ ਦੇ ਮਾੜੇ ਅਸਰ ਤੋਂ ਬਚਾਇਆ ਜਾ ਸਕੇ ।

★ ਸਰਦੀਆਂ ਵਿੱਚ ਖੁੱਲ੍ਹੇ ਸ਼ੈਡਾਂ ਵਿੱਚ ਪਰਦੇ/ਪੱਲੀਆਂ ਟੰਗੋ ਅਤੇ ਇਹ ਪਰਦੇ ਗਿੰਨੀ ਬੈਗ, ਜੂਟ ਆਦਿ ਤੋਂ ਬਣਾਏ ਜਾ ਸਕਦੇ ਹਨ । ਸ਼ੈਡ ਅੰਦਰ ਸੂਰਜ ਦੀ ਰੋਸ਼ਨੀ ਨੂੰ ਉਤਸ਼ਾਹਿਤ ਕਰਨ



ਲਈ ਸ਼ੈਡ ਦੇ ਆਲੇ-ਦੁਆਲੇ ਛਾਂਦਾਰ ਰੁੱਖਾਂ ਦੀ ਛਾਂਟੀ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਧੁੱਪ ਨਾਲ ਨਾ ਸਿਰਫ਼ ਨਿੱਘ ਰਹੇਗਾ ਬਲਕਿ ਧੁੱਪ ਦੀਆਂ ਕਿਰਨਾਂ ਦੇ ਕਾਰਨ ਜਾਨਵਰਾਂ ਦੇ ਘਰਾਂ ਨੂੰ ਰੋਗਾਣੂ ਮੁਕਤ ਵੀ ਕੀਤਾ ਜਾ ਸਕਦਾ ਹੈ ।

★ ਦਿਨ ਵੇਲੇ ਪਸ਼ੂਆਂ ਨੂੰ ਧੁੱਪੇ ਬੰਨੋ ਅਤੇ ਉਨ੍ਹਾਂ ਨੂੰ ਸਵੇਰੇ-ਸ਼ਾਮ ਨਵਾਉਣ ਦੀ ਜਗ੍ਹਾ ਦੁਪਹਿਰ ਵੇਲੇ ਨਵਾਉ ।

★ ਪਸ਼ੂਆਂ ਦੇ ਸ਼ੈਡ ਅਤੇ ਇਸ ਦਾ ਫਰਸ਼ ਜ਼ਿਆਦਾ ਸਮੇਂ ਤੱਕ ਗਿੱਲਾ ਅਤੇ ਠੰਡਾ ਨਹੀਂ ਰਹਿਣਾ ਚਾਹੀਦਾ ਕਿਉਂਕਿ ਇਹ ਜਾਨਵਰਾਂ ਵਿੱਚ ਖਾਸ ਤੌਰ ਤੇ ਛੋਟੇ ਬੱਚਿਆਂ ਵਿੱਚ ਵੱਖ-ਵੱਖ ਬਿਮਾਰੀਆਂ ਜਿਵੇਂ ਕਿ ਨਿਮੋਨੀਆ, ਬੁਖਾਰ, ਕੋਕਸੀਡਿਓਸਿਸ, ਮੌਕ ਅਤੇ ਗੰਭੀਰ ਕੇਸਾਂ ਵਿੱਚ ਮੌਤ ਦਾ ਕਾਰਨ ਬਣ ਸਕਦਾ ਹੈ ।

★ ਪਸ਼ੂਆਂ ਥੱਲੇ ਸੁੱਕ ਦਾ ਵੀ ਪ੍ਰਬੰਧ ਕਰੋ ਕਿਉਂਕਿ ਠੰਡੇ ਫਰਸ਼ ਨਾਲ ਜਾਨਵਰਾਂ ਦਾ ਸਿੱਧਾ ਸੰਪਰਕ ਉਨ੍ਹਾਂ ਦੀ ਸਿਹਤ ਅਤੇ ਉਤਪਾਦਨ ਤੇ ਮਾੜਾ ਅਸਰ ਕਰਦਾ ਹੈ । ਇਸ ਵਾਸਤੇ ਝੋਨੇ ਦੀ ਪਰਾਲੀ, ਸੁੱਕੀ ਘਾਹ, ਕਣਕ ਦਾ ਭੂਸਾ ਆਦਿ ਵਰਤ ਸਕਦੇ ਹਾਂ ।

★ ਬਾਰਦਨੇ ਦੇ ਬਣੇ ਝੁਲ (ਕੱਪੜੇ) ਦੀ ਵਰਤੋਂ ਵੀ ਪਸ਼ੂਆਂ ਨੂੰ ਢੱਕਣ ਲਈ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਇਨਸੂਲੇਸ਼ਨ ਅਤੇ ਨਿੱਘ ਪ੍ਰਦਾਨ ਕੀਤਾ ਜਾ ਸਕੇ ।

★ ਦਿਨ ਵੇਲੇ ਸ਼ੈਡ ਦੀਆਂ ਖਿੜਕੀਆਂ ਖੋਲ ਦਿਉ ਤਾਂ ਜੋ ਹਵਾ ਦੀ ਆਵਾਜਾਈ ਯਕੀਨੀ ਬਣਾਈ ਜਾ ਸਕੇ ।

★ ਪਸ਼ੂਆਂ ਨੂੰ ਸਾਫ ਕੱਪੜੇ ਜਾਂ ਖਰਖਰੇ ਨਾਲ ਨਿਯਮਿਤ ਤੌਰ ਤੇ ਸਾਫ ਕਰਨਾ ਚਾਹੀਦਾ ਹੈ ।

★ ਸਰਦੀਆਂ ਦੌਰਾਨ ਪਸ਼ੂਆਂ ਨੂੰ ਚੰਗੀ ਪੌਸ਼ਟਿਕ ਅਤੇ ਸੰਤੁਲਿਤ ਖੁਰਾਕ ਦਿੱਤੀ ਜਾਣੀ ਚਾਹੀਦੀ ਹੈ । ਬਰਸੀਮ (ਸਭ ਤੋਂ ਵੱਧ ਉਪਲੱਬਧ ਹਰਾ ਚਾਰਾ), ਜਿਸ ਵਿੱਚ ਉੱਚ ਪ੍ਰੋਟੀਨ ਅਤੇ ਪਾਣੀ ਦੀ ਮਾਤਰਾ ਹੁੰਦੀ ਹੈ, ਦੁੱਧ ਦੇਣ ਵਾਲੇ ਅਤੇ ਵੱਧ ਰਹੇ ਜਾਨਵਰਾਂ ਦੇ ਉਤਪਾਦਨ ਦੇ ਪੱਧਰ ਨੂੰ ਕਾਇਮ ਰੱਖਦਾ ਹੈ । ਜੇਕਰ ਹਰੇ ਚਾਰੇ ਦੀ ਘਾਟ ਹੋਵੇ ਤਾਂ ਵੱਡੇ ਪਸ਼ੂਆਂ ਨੂੰ ਖੁਆਉਣ ਲਈ 25-30 ਕਿਲੋ ਫਲੀਦਾਰ ਚਾਰੇ ਨੂੰ 5-10 ਕਿਲੋ ਕਣਕ ਦੇ ਚੋਕਰ ਨਾਲ ਮਿਲਾਇਆ ਜਾ ਸਕਦਾ ਹੈ । ਇਸ ਤੋਂ ਇਲਾਵਾ 3 ਕਿਲੋ ਵੰਡ ਸਰੀਰ ਦਾ ਤਾਪਮਾਨ ਬਰਕਰਾਰ ਰੱਖਣ ਲਈ ਕਾਫ਼ੀ ਰਹਿੰਦਾ ਹੈ । ਸਰਦੀਆਂ ਵਿੱਚ ਪਸ਼ੂਆਂ ਦੀ ਵੰਡ ਦੇ ਫਾਰਮੂਲੇ ਵਿੱਚ ਹਰੇ ਚਾਰੇ ਵਿੱਚ ਖਲ੍ਹਾਂ ਦੀ ਮਾਤਰਾ ਘਟਾ ਕੇ ਅਨਾਜ ਦੀ ਮਾਤਰਾ ਵਧਾਈ ਜਾ ਸਕਦੀ ਹੈ, ਕਿਉਂਕਿ ਜੇ ਸਾਡੇ ਕੋਲ ਫਲੀਦਾਰ ਚਾਰਾ ਹੈ ਤਾਂ ਪ੍ਰੋਟੀਨ ਦੀ ਮਿਕਦਾਰ ਘਟਾਈ ਜਾ ਸਕਦੀ ਹੈ । ਜੇਕਰ ਚਾਰੇ ਦੀ ਘਾਟ ਨਾ ਹੋਵੇ ਤਾਂ 40-50 ਕਿਲੋ ਚੰਗੀ ਕੁਆਲਿਟੀ ਦਾ ਹਰਾ ਚਾਰਾ ਪਸ਼ੂਆਂ ਵਿੱਚ 10 ਲੀਟਰ ਤੱਕ ਦੁੱਧ ਦਾ ਉਤਪਾਦਨ ਬਣਾਈ ਰੱਖਣ ਲਈ ਕਾਫ਼ੀ ਹੁੰਦਾ ਹੈ ।

★ ਸਰਦੀਆਂ ਵਿੱਚ ਨਾਈਟ੍ਰੇਟ ਦੇ ਜ਼ਹਿਰੀਲੇਪਣ ਅਤੇ ਅਫਰੇ ਦੀਆਂ ਘਟਨਾਵਾਂ ਤੋਂ ਬਚਣ ਲਈ, ਫਲੀਦਾਰ ਚਾਰੇ ਨੂੰ ਗੈਰ ਫਲੀਦਾਰ ਚਾਰੇ ਅਤੇ ਸੁੱਕੇ ਚਾਰੇ ਜਿਵੇਂ ਤੂੜੀ ਆਦਿ ਨਾਲ ਮਿਲਾ ਕੇ ਪਸ਼ੂ ਨੂੰ ਦੇਣਾ ਚਾਹੀਦਾ ਹੈ । ਵੰਡ ਵਿੱਚ 2% ਖਣਿਜ ਮਿਸ਼ਰਣ ਅਤੇ 1% ਲੂਣ ਵੀ ਸ਼ਾਮਲ ਕਰਨਾ ਚਾਹੀਦਾ ਹੈ ।

★ ਸਰਦੀਆਂ ਦੌਰਾਨ ਪਸ਼ੂਆਂ ਨੂੰ ਸਾਫ, ਤਾਜ਼ਾ, ਕੋਸਾ ਪਾਣੀ ਪਿਲਾਉਣਾ ਚਾਹੀਦਾ ਹੈ । ਜੇ ਡੇਅਰੀ ਫਾਰਮ ਤੇ ਮੋਟਰ ਦਾ ਪ੍ਰਬੰਧ ਹੈ ਤਾਂ ਇਸਨੂੰ ਹਰ 2 ਘੰਟੇ ਬਾਅਦ ਚਲਾਇਆ ਜਾਵੇ ਕਿਉਂਕਿ ਠੰਡਾ ਪਾਣੀ ਪਸ਼ੂਆਂ ਲਈ ਬੇਆਰਾਮੀ ਦਾ ਕਾਰਨ ਵੀ ਬਣ ਸਕਦਾ ਹੈ ।

★ ਡੀ-ਵਾਰਮਿੰਗ (ਮਲੱਪਾਂ ਦੀ ਦਵਾਈ) ਨੂੰ ਸ਼ੁਰੂਆਤੀ ਖੁਰਾਕ ਤੋਂ 21 ਦਿਨਾਂ ਬਾਅਦ ਦੁਹਰਾਇਆ ਜਾਣਾ ਚਾਹੀਦਾ ਹੈ ਤਾਂ ਜੋ ਕੀੜਿਆਂ ਦੇ ਅੰਡੇ ਅਤੇ ਲਾਰਵੇ ਨੂੰ ਵਿਕਾਸ ਦੇ ਵਧੂ ਪੜਾਵਾਂ ਤੇ ਰੋਕਿਆ ਜਾ ਸਕੇ । ਪਸ਼ੂਆਂ ਵਿੱਚ ਲੇਵੇ ਦੀ ਸੋਜ ਤੋਂ ਬਚਾਉਣ ਲਈ ਚੁਆਈ ਤੋਂ ਬਾਅਦ ਥਣਾਂ ਦਾ ਡੋਬਾ ਜ਼ਰੂਰ ਵਰਤੋਂ ।


# ਬਿਜਲੀ ਸੋਧ ਬਿੱਲ 2025 ਖ਼ਿਲਾਫ਼ ਸੰਘਰਸ਼ ਵਿੱਚ ਕਿਸਾਨਾਂ ਦੀ ਭੂਮਿਕਾ

**ਭਾਰਤ ਸਰਕਾਰ ਦੇ ਖੇਤੀ ਸੈਕਟਰੀ ਐੱਸ ਐੱਸ ਅਗਰਵਾਲ ਵੱਲੋਂ ਲਿਖੀ ਚਿੱਠੀ ਵਿੱਚ ਬਿਜਲੀ ਦੇ ਮੁੱਦੇ 'ਤੇ ਬਿੱਲ ਲੈ ਕੇ ਆਉਣ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਨਾਲ ਚਰਚਾ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਸੀ। ਇਸ ਲਈ ਕਿਸਾਨ ਜਥੇਬੰਦੀਆਂ ਦੇ ਮੋਰਚਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਬਿੱਲ ਵਿਰੁੱਧ ਅਗਵਾਈ ਦੇਣ ਵਾਸਤੇ ਅੱਗੇ ਆਉਣ ਕਿਉਂਕਿ ਕੇਂਦਰ ਸਰਕਾਰ ਨੇ ਉਨ੍ਹਾਂ ਨਾਲ ਚਰਚਾ ਤੋਂ ਬਗੈਰ ਬਿਜਲੀ ਸੋਧ ਬਿੱਲ ਲਿਆ ਕੇ ਵਿਸਾਹਘਾਤ ਕੀਤਾ ਹੈ।**

ਸਮਾਜ ਵਿੱਚ ਖੇਤੀ, ਸਨਅਤ ਅਤੇ ਸੇਵਾਵਾਂ ਦੇ ਖੇਤਰਾਂ ਵਿੱਚ ਪੈਦਾਵਾਰ ਲਈ ਬਿਜਲੀ ਅਹਿਮ ਸਥਾਨ ਰੱਖਦੀ ਹੈ। ਕਿਸਾਨਾਂ ਲਈ ਇਹ ਖੇਤੀਬਾੜੀ ਵਿੱਚ ਟਿਊਬਵੈੱਲ ਚਲਾਉਣ ਅਤੇ ਘਰੇਲੂ ਵਰਤੋਂ ਵਾਸਤੇ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਬਣ ਗਈ ਹੈ। ਭਾਰਤ ਵਿੱਚ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦਾ ਦੌਰ ਸ਼ੁਰੂ ਹੋਣ 'ਤੇ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਜਦੋਂ ਤੋਂ ਨਿੱਜੀ ਘਰਾਣਿਆਂ ਨੇ ਸਕੂਲਾਂ, ਕਾਲਜਾਂ ਜਾਂ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਨੂੰ ਹਥਿਆਇਆ ਹੈ, ਉਦੋਂ ਤੋਂ ਇਹ ਸੇਵਾਵਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਪਿਛਲੇ ਦਿਨੀਂ ਹਵਾਬਾਜ਼ੀ ਦੇ ਖੇਤਰ ਵਿੱਚ ਸਭ ਨੇ ਦੇਖਿਆ ਕਿ ਪ੍ਰਾਈਵੇਟ ਹਵਾਈ ਕੰਪਨੀਆਂ, ਖ਼ਾਸਕਰ ਇੰਡੀਗੋ ਨੇ ਹਵਾਈ ਜਹਾਜ਼ਾਂ ਦੀਆਂ ਉਡਾਣਾਂ ਬੰਦ ਕਰਕੇ ਯਾਤਰੀਆਂ ਦੀ ਖੱਜਲ-ਖੁਆਰੀ ਦੇ ਨਾਲ-ਨਾਲ ਕਿਵੇਂ ਆਪਣੀ ਮਨਮਰਜ਼ੀ ਨਾਲ ਟਿਕਟਾਂ ਦੇ ਰੇਟ ਅਸਮਾਨੀ ਚੜ੍ਹਾ ਦਿੱਤੇ।

ਬਿਜਲੀ ਬਿੱਲ 2025 ਖ਼ਿਲਾਫ਼ ਬਿਜਲੀ ਖੇਤਰ ਦੀਆਂ ਜਥੇਬੰਦੀਆਂ ਅਤੇ ਯੂਨੀਅਨਾਂ ਨੇ ਕੁੱਝ ਸਰਗਰਮੀਆਂ ਸ਼ੁਰੂ ਕੀਤੀਆਂ ਹਨ। ਇਸੇ ਤਰ੍ਹਾਂ ਦੇਸ਼ ਵਿੱਚ ਸਰਗਰਮ ਟਰੇਡ ਯੂਨੀਅਨਾਂ ਵੀ ਹਾਅ ਦਾ ਨਾਅਰਾ ਮਾਰ ਰਹੀਆਂ ਹਨ, ਪਰ ਬਿਜਲੀ ਸੋਧ ਬਿੱਲ ਰੱਦ ਕਰਵਾਉਣ ਵਿੱਚ ਇਹ ਜਥੇਬੰਦੀਆਂ ਜਾਂ ਯੂਨੀਅਨਾਂ ਕਿੰਨਾ ਕੁ ਰੋਲ ਨਿਭਾ ਸਕਦੀਆਂ ਹਨ। ਇਨ੍ਹਾਂ ਖੇਤਰਾਂ ਅਤੇ ਯੂਨੀਅਨਾਂ ਵਿੱਚ ਕੰਮ ਕਰਦੇ ਮਜ਼ਦੂਰ ਅਤੇ ਕਰਮਚਾਰੀ ਲੰਮਾ ਮੋਰਚਾ ਲਾਉਣ ਦੇ ਸਮਰੱਥ ਨਹੀਂ ਹਨ ਕਿਉਂਕਿ ਮਜ਼ਦੂਰ ਨੂੰ ਤਾਂ ਹਰ ਰੋਜ਼ ਦਿਹਾੜੀ ਕਰਕੇ ਹੀ ਪਰਿਵਾਰ ਦਾ ਪੇਟ ਪਾਲਣਾ ਪੈਂਦਾ ਹੈ ਜਦੋਂਕਿ ਕਰਮਚਾਰੀਆਂ 'ਤੇ ਆਪੋ ਆਪਣੀ ਕੰਪਨੀ, ਵਿਭਾਗ ਜਾਂ ਸਰਕਾਰ ਵੱਲੋਂ ਦਬਾਅ ਹੁੰਦਾ ਹੈ। ਭਾਰਤ ਵਿੱਚ ਲੋਕਾਂ ਲਈ ਲੜਨ ਅਤੇ ਲੋਕਾਂ ਦੀ ਅਗਵਾਈ ਕਰਨ ਵਾਲੇ ਸੰਗਠਨਾਂ ਵਿੱਚੋਂ ਕਿਸਾਨਾਂ ਦੇ ਸੰਗਠਨ ਹੀ ਆਸ ਬੰਨ੍ਹਾਉਂਦੇ ਹਨ। ਸਾਲ 2020-21 ਦੇ 17 ਮਹੀਨਿਆਂ ਦੇ ਕਿਸਾਨ ਅੰਦੋਲਨ ਨੇ ਜਿੱਥੇ 1947 ਤੋਂ ਬਾਅਦ ਖੇਤੀ ਲਈ ਲਿਆਂਦੇ ਤਿੰਨ ਕਾਨੂੰਨਾਂ ਵਿਰੁੱਧ ਸੰਘਰਸ਼ ਵਿੱਚ ਕਿਸਾਨ ਮੋਰਚੇ (ਸੰਯੁਕਤ ਕਿਸਾਨ ਮੋਰਚੇ) ਦੀ ਸਥਾਪਤੀ ਕੀਤੀ, ਉੱਥੇ ਇਹ ਵੀ ਸਾਬਿਤ ਕੀਤਾ ਕਿ ਦੇਸ਼ ਵਿੱਚ ਲਗਾਤਾਰ ਲੰਮਾ ਸੰਘਰਸ਼ ਕਰਨ ਦੇ ਸਮਰੱਥ ਜੇ ਕੋਈ ਵਰਗ ਹੈ ਤਾਂ ਉਹ ਕਿਸਾਨੀ ਹੈ।

ਕਿਸਾਨ ਜਥੇਬੰਦੀਆਂ ਦਾ ਤਾਣਾ ਬਾਣਾ ਦੇਸ਼ ਦੇ ਸਾਰੇ ਸੂਬਿਆਂ ਵਿੱਚ ਮੌਜੂਦ ਹੈ। ਸਾਲ 2020-21 ਵਿੱਚ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਵਿੱਚੋਂ ਕੁੱਝ 2018 ਵਿੱਚ ਮੰਦਸੌਰ (ਮੱਧ ਪ੍ਰਦੇਸ਼) ਦੇ ਛੇ ਕਿਸਾਨਾਂ ਦੀ ਸ਼ਹਾਦਤ ਤੋਂ ਬਾਅਦ ਦਿੱਲੀ ਦੀ ਗਾਂਧੀ ਪੀਸ ਫਾਊਂਡੇਸ਼ਨ ਵਿੱਚ ਬਣੀ 'ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ (AIKSCC)' ਦੇ ਨਾਂ ਹੇਠ ਜਥੇਬੰਦ ਹੋ ਗਈਆਂ ਸਨ। ਬੇਸ਼ਕ, ਇਸ ਤਾਲਮੇਲ ਕਮੇਟੀ ਦੀਆਂ ਕੋਸ਼ਿਸ਼ਾਂ ਨਾਲ 2020-21 ਦੇ ਅੰਦੋਲਨ ਲਈ ਸੰਯੁਕਤ ਕਿਸਾਨ ਮੋਰਚਾ ਹੋਂਦ ਵਿੱਚ ਆਇਆ ਸੀ ਪਰ ਇਹ ਸਚਾਈ ਹੈ ਕਿ ਅੱਜ ਵੀ ਪੂਰੇ ਭਾਰਤ ਦੀਆਂ ਕਿਸਾਨ ਜਥੇਬੰਦੀਆਂ ਕਿਸਾਨ ਮੋਰਚਿਆਂ ਵਿੱਚ ਇੱਕਜੁੱਟ ਹਨ। ਇਹ ਕਿਸਾਨ ਜਥੇਬੰਦੀਆਂ ਚਾਰ ਕਿਸਾਨ ਮੋਰਚਿਆਂ ਵਿੱਚ ਕਿਸੇ ਵਿੱਚ ਵੱਧ ਤੇ ਕਿਸੇ ਵਿੱਚ ਘੱਟ ਸ਼ਾਮਿਲ ਹਨ। ਇਹ ਚਾਰ ਮੋਰਚੇ ਹਨ :



**ਡਾਕਟਰ ਦਰਸ਼ਨ ਪਾਲ**
ਪ੍ਰਧਾਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤ (ਮੋ. 94172-69294)

1. ਸੰਯੁਕਤ ਕਿਸਾਨ ਮੋਰਚਾ, ਭਾਰਤ
2. ਕਿਸਾਨ ਮਜ਼ਦੂਰ ਮੋਰਚਾ, ਭਾਰਤ
3. ਸੰਯੁਕਤ ਕਿਸਾਨ ਮੋਰਚਾ, ਗੈਰ ਰਾਜਨੀਤਿਕ (ਜਗਜੀਤ ਸਿੰਘ ਡੱਲੇਵਾਲ)
4. ਸੰਯੁਕਤ ਕਿਸਾਨ ਮੋਰਚਾ, ਗੈਰ ਰਾਜਨੀਤਿਕ (ਸ਼ਿਵ ਕੁਮਾਰ ਕੱਕਾ ਜੀ ਤੇ ਸੁਖਜੀਤ ਹਰਦੋਝੰਡੇ)

ਇਹ ਵੀ ਹਕੀਕਤ ਹੈ ਕਿ ਉੱਤਰ ਵਿੱਚ ਪੰਜਾਬ ਅਤੇ ਦੱਖਣ ਵਿੱਚ ਕਰਨਾਟਕ ਸੂਬੇ ਕਿਸਾਨ ਜਥੇਬੰਦੀਆਂ ਅਤੇ ਕਿਸਾਨ ਸੰਘਰਸ਼ਾਂ ਦੇ ਕੇਂਦਰ ਰਹੇ ਹਨ ਅਤੇ ਅੱਜ ਵੀ ਹਨ। ਦੇਸ਼ ਦੀ ਕਿਸਾਨੀ ਦੇ ਉਪਰੋਕਤ ਚਾਰ ਮੋਰਚਿਆਂ ਦੇ ਥੰਮ੍ਹ ਪੰਜਾਬ ਵਿੱਚ ਹੀ ਹਨ। ਕੇਂਦਰ ਸਰਕਾਰ ਬਿਜਲੀ ਸ਼ੋਧ ਬਿੱਲ 2025 ਲੈ ਕੇ ਆ ਰਹੀ ਹੈ ਤਾਂ ਸਾਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਹ ਸਾਡੀ ਜ਼ਿੰਦਗੀ ਲਈ ਅਤਿ ਲੋੜੀਂਦੀ ਚੀਜ਼ ਕਾਰਪੋਰੇਟ ਘਰਾਣਿਆਂ ਜਾਂ ਪੂੰਜੀਪਤੀਆਂ ਨੂੰ ਸੌਂਪਣ ਜਾ ਰਹੀ ਹੈ। ਇਸ ਦਾ ਮਤਲਬ ਇਹ ਹੈ ਕਿ ਖੇਤੀ ਕਾਨੂੰਨਾਂ ਵਾਂਗ ਇਸ ਬਿੱਲ ਨੂੰ ਵਾਪਸ ਕਰਾਉਣ ਲਈ ਇੱਕ ਲੰਮੀ ਅਤੇ ਸ਼ਾਂਤਮਈ ਜਨਤਕ ਲਾਮਬੰਦੀ ਦੀ ਲੋੜ ਪਵੇਗੀ। ਦਿੱਲੀ ਕਿਸਾਨ ਅੰਦੋਲਨ ਵੇਲੇ 10 ਦਸੰਬਰ 2021 ਨੂੰ ਕੇਂਦਰ ਸਰਕਾਰ ਦੇ ਲਿਖਤੀ ਸਮਝੌਤੇ ਮਗਰੋਂ ਸੰਯੁਕਤ ਕਿਸਾਨ ਮੋਰਚੇ ਨੇ ਲੰਮਾ ਅਤੇ ਸ਼ਾਂਤਮਈ ਅੰਦੋਲਨ ਮੁਲਤੱਵੀ ਕਰ ਦਿੱਤਾ ਸੀ।

ਭਾਰਤ ਸਰਕਾਰ ਦੇ ਖੇਤੀ ਸੈਕਟਰੀ ਐੱਸ ਐੱਸ ਅਗਰਵਾਲ ਵੱਲੋਂ ਲਿਖੀ ਚਿੱਠੀ ਵਿੱਚ ਬਿਜਲੀ ਦੇ ਮੁੱਦੇ 'ਤੇ ਬਿੱਲ ਲੈ ਕੇ ਆਉਣ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਨਾਲ ਚਰਚਾ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਸੀ। ਇਸ ਲਈ ਕਿਸਾਨ ਜੱਥੇਬੰਦੀਆਂ ਦੇ ਮੋਰਚਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਬਿੱਲ ਵਿਰੁੱਧ ਅਗਵਾਈ ਦੇਣ ਵਾਸਤੇ ਅੱਗੇ ਆਉਣ ਕਿਉਂਕਿ ਕੇਂਦਰ ਸਰਕਾਰ ਨੇ ਉਨ੍ਹਾਂ ਨਾਲ ਚਰਚਾ ਤੋਂ ਬਗੈਰ ਬਿਜਲੀ ਸੋਧ ਬਿੱਲ ਲਿਆ ਕੇ ਵਿਸਾਹਘਾਤ ਕੀਤਾ ਹੈ। ਦੇਸ਼ ਦੇ ਸਾਰੇ ਵਰਗਾਂ, ਤਬਕਿਆਂ, ਧਰਮਾਂ, ਜਾਤਾਂ ਅਤੇ ਇਲਾਕਿਆਂ ਦੇ ਲੋਕਾਂ ਨਾਲ ਜੁੜੇ ਹੋਏ ਇਸ ਦੇਸ਼ ਵਿਆਪੀ ਮਾਮਲੇ ਵਿੱਚ ਯੋਗ ਅਤੇ ਲੰਮੇ ਸਮੇਂ ਲਈ ਅਗਵਾਈ ਕਿਸਾਨ ਮੋਰਚੇ ਹੀ ਕਰ ਸਕਦੇ ਹਨ, ਜਿਸ ਲਈ ਪਹਿਲੀ ਸ਼ਰਤ ਇਹ ਹੈ ਕਿ ਉਹ ਸਾਰੇ ਇਸ ਮੁੱਦੇ 'ਤੇ ਸੰਘਰਸ਼ ਕਰਨ ਲਈ ਸਹਿਮਤ ਹੋਣ। ਦੂਜੀ ਸ਼ਰਤ ਇਹ ਹੈ ਕਿ ਪੰਜਾਬ ਅੰਦਰ ਸਰਗਰਮ ਕਿਸਾਨ ਮੋਰਚਿਆਂ ਦੇ ਆਗੂਆਂ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਸਫ਼ਲਤਾਵਾਂ ਦੇ ਨਾਲ-ਨਾਲ ਗਲਤੀਆਂ ਅਤੇ ਅਣਗਹਿਲੀਆਂ ਦਾ ਵਰਤਾਰਾ ਸਾਰੀਆਂ ਹੀ ਜਥੇਬੰਦੀਆਂ ਦੀ ਲੀਡਰਸ਼ਿਪ ਤੋਂ ਹੁੰਦਾ ਆਇਆ ਹੈ, ਇਸ ਲਈ ਕਿਸਾਨ ਆਗੂਆਂ ਨੂੰ ਪਿਛਲੀਆਂ ਗਲਤੀਆਂ ਜਾਂ ਘਾਟਾਂ ਨੂੰ ਪਾਸੇ ਰੱਖ ਦੇਣਾ ਚਾਹੀਦਾ ਹੈ।

ਹੁਣ ਜੇਕਰ ਕੋਈ ਲੀਡਰ ਜਾਂ ਜੱਥੇਬੰਦੀ ਇਹ ਕਹਿੰਦੀ ਹੈ ਕਿ ਪਹਿਲਾਂ ਹੋਈਆਂ ਉਪਰੋਕਤ ਗਲਤੀਆਂ ਦਾ ਪਹਿਲਾਂ ਨਿਤਾਰਾ ਕੀਤਾ ਜਾਵੇ ਅਤੇ ਫਿਰ ਵੀ ਸਾਂਝੀਆਂ ਸਰਗਰਮੀਆਂ ਬਾਰੇ ਸੋਚਿਆ ਜਾ ਸਕਦਾ ਹੈ ਤਾਂ ਇਹ ਸਾਹਮਣੇ ਆਏ ਵੱਡੇ ਹਮਲੇ ਵਿਰੁੱਧ ਇਕਜੁੱਟ ਹੋਣ ਵਾਲੀਆਂ ਤਾਕਤਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਵਿੱਚ ਰੁਕਾਵਟ ਖੜ੍ਹੀ ਕਰਨ ਵਾਲੀ ਗੱਲ ਹੈ।

ਬਿਜਲੀ ਸੋਧ ਬਿੱਲ 2025 ਨੂੰ ਰੱਦ ਕਰਾਉਣ ਦੇ ਨਾਲ-ਨਾਲ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਮੁਤਾਬਿਕ ਫ਼ਸਲਾਂ ਦੇ ਭਾਅ ਸੀ-2+50% ਮੁਤਾਬਿਕ ਨਿਰਧਾਰਤ ਕਰਵਾਉਣ (ਐੱਮ ਐੱਸ ਪੀ) ਅਤੇ ਖਰੀਦ ਦੀ ਗਾਰੰਟੀ ਵਾਲਾ ਕਾਨੂੰਨ ਬਣਵਾਉਣ, ਸਾਰੇ ਕਿਸਾਨਾਂ ਦੇ ਸਮੁੱਚੇ ਕਰਜ਼ਿਆਂ ਨੂੰ ਖ਼ਤਮ ਕਰਵਾਉਣ ਅਤੇ ਬੀਜ ਬਿੱਲ 2025 ਰੱਦ ਕਰਵਾਉਣ ਤੇ ਮਜ਼ਦੂਰਾਂ ਮੁਲਾਜ਼ਮਾਂ ਲਈ ਬਣਾਏ ਚਾਰ ਲੇਬਰ ਕੋਡ ਬੰਦ ਕਰਾਉਣ, ਪੁਰਾਣੀ ਪੈਨਸ਼ਨ ਸਕੀਮ (ਓ ਪੀ ਐੱਸ) ਬਹਾਲ ਕਰਵਾਉਣ ਲਈ ਜਿਹੜੀਆਂ ਵੀ ਜਥੇਬੰਦੀਆਂ ਇਨ੍ਹਾਂ ਮੁੱਦਿਆਂ ਉੱਪਰ ਲੜਨ ਲਈ ਸਹਿਮਤ ਹਨ, ਉਨ੍ਹਾਂ ਨੂੰ ਫੌਰੀ ਇਕਜੁੱਟ ਹੋਣਾ ਚਾਹੀਦਾ ਹੈ। ਇਨ੍ਹਾਂ ਵਿੱਚ ਮੁੱਖ ਮੁੱਦਾ ਬਿਜਲੀ ਸੋਧ ਬਿੱਲ 2025 ਹੋਣਾ ਚਾਹੀਦਾ ਹੈ ਅਤੇ ਬਾਕੀ ਉਪਰੋਕਤ ਮੁੱਦੇ ਦੀ ਮੰਗ ਪੱਤਰ ਦੇ ਰੂਪ ਵਿੱਚ ਸ਼ਾਮਿਲ ਕਰ ਲੈਣੇ ਚਾਹੀਦੇ ਹਨ।



# ਪੰਜਾਬ ਦੀ ਖੇਤੀ ਲਈ ਸਾਲ 2025 ਰਿਹਾ ਚੁਣੌਤੀਆਂ ਭਰਪੂਰ

## ਮੌਸਮੀ ਕਰੋਪੀਆਂ ਅਤੇ ਭਾਅ ਬਾਜ਼ਾਰ ਵਿੱਚ ਮੰਦੇ ਹੋਣ ਕਾਰਨ ਕਿਸਾਨਾਂ ਲਈ ਰਿਹਾ ਆਰਥਿਕ ਤੌਰ 'ਤੇ ਬੇਹੱਦ ਮਾੜਾ

ਸਾਲ 2025 ਪੰਜਾਬ ਦੀ ਖੇਤੀ ਲਈ ਚੰਗੀ ਸ਼ੁਰੂਆਤ ਦੇ ਬਾਵਜੂਦ ਹੜ੍ਹਾਂ, ਆਲਮੀ ਤਪਸ਼, ਮਾੜੇ ਝਾੜ ਅਤੇ ਫ਼ਸਲਾਂ ਦੇ ਭਾਅ ਵਿੱਚ ਮੰਦੇ ਦੀ ਮਾਰ ਨਾਲ ਭਰਿਆ ਰਿਹਾ। ਪੰਜਾਬ ਦੇ ਖੇਤੀ ਖੇਤਰ ਲਈ ਸਾਲ 2025 ਦੀ ਸ਼ੁਰੂਆਤ ਭਾਵੇਂ ਹੌਂਸਲਾ ਅਫਜ਼ਾਈ ਵਾਲੀ ਰਹੀ, ਪਰ ਜਿਵੇਂ ਹੀ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਸ਼ੁਰੂ ਹੋਈ, ਇਹ ਸਾਲ ਕਿਸਾਨਾਂ ਲਈ ਨਾ ਸਿਰਫ ਆਰਥਿਕ ਤੌਰ 'ਤੇ ਮਾੜਾ ਸਾਬਤ ਹੋਇਆ, ਸਗੋਂ ਹੜ੍ਹਾਂ ਨੇ ਪੰਜਾਬ ਦੇ ਇੱਕ ਵੱਡੇ ਖੇਤਰ ਦੇ ਖੇਤੀ ਢਾਂਚੇ ਨੂੰ ਪੂਰੀ ਤਰ੍ਹਾਂ ਤਬਾਹ ਕਰਕੇ ਰੱਖ ਦਿੱਤਾ। ਬਹੁਤ ਭਾਰੀ ਬਰਸਾਤ ਅਤੇ ਦਰਿਆਵਾਂ ਵਿੱਚ ਆਏ ਬੇਹਿਸਾਬ ਪਾਣੀ ਕਾਰਨ ਲੱਖਾਂ ਏਕੜ ਖੇਤੀਯੋਗ ਜ਼ਮੀਨ ਹੜ੍ਹਾਂ ਦੀ ਮਾਰ ਹੇਠ ਆ ਗਈ, ਜਿਸ ਨਾਲ ਖੜ੍ਹੀਆਂ ਫ਼ਸਲਾਂ ਹੀ ਨਹੀਂ, ਸਗੋਂ ਮਿੱਟੀ ਦੀ ਉਪਜਾਊ ਤਾਕਤ ਨੂੰ ਵੀ ਭਾਰੀ ਨੁਕਸਾਨ ਪੁੱਜਿਆ। ਪੰਜਾਬ ਦੀ ਮੁੱਖ ਫ਼ਸਲ ਕਣਕ ਮੌਸਮੀ ਹਾਲਾਤ ਅਨੁਕੂਲ ਰਹਿਣ ਕਾਰਨ ਕਾਫ਼ੀ ਵਧੀਆ ਰਹੀ। ਕਣਕ ਤੋਂ ਬਾਅਦ ਮੱਕੀ ਦੀ ਫ਼ਸਲ ਵੀ ਆਰਥਿਕ ਤੌਰ 'ਤੇ ਠੀਕ ਰਹੀ, ਕਿਉਂਕਿ ਇਸ ਦਾ ਝਾੜ ਅਤੇ ਭਾਅ ਦੋਵੇਂ ਠੀਕ ਰਹੇ, ਪਰ ਜਿਵੇਂ ਹੀ ਜੂਨ 2025 ਵਿੱਚ ਕਿਸਾਨਾਂ ਵੱਲੋਂ ਝੋਨੇ ਦੀ ਕਾਸ਼ਤ ਕੀਤੀ ਗਈ; ਮੌਸਮ ਨੇ ਕਰਵਟ ਬਦਲ ਲਈ। ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਝੋਨੇ ਦਾ ਇੱਕ ਵੱਡਾ ਰਕਬਾ ਪੂਰੀ ਤਰ੍ਹਾਂ ਤਬਾਹ ਹੋ ਗਿਆ। ਜੋ ਫ਼ਸਲ ਬਚੀ, ਉਸ ਦਾ ਝਾੜ ਵੀ ਹੈਰਾਨੀਜਨਕ ਤੌਰ 'ਤੇ ਘੱਟ ਰਿਹਾ। ਮੌਸਮ ਦੀ ਮਾਰ ਕਾਰਨ ਲਗਭਗ ਹਰ ਕਿਸਾਨ ਦਾ ਝਾੜ ਕਰੀਬ 10 ਕੁਇੰਟਲ ਪ੍ਰਤੀ ਏਕੜ ਤੱਕ ਘੱਟ ਗਿਆ, ਜਿਸ ਨਾਲ ਝੋਨਾ ਉਗਾਉਣ ਵਾਲੇ ਕਿਸਾਨਾਂ ਨੂੰ ਇਸ ਸਾਲ ਭਾਰੀ ਆਰਥਿਕ ਝਟਕਾ ਲੱਗਾ। ਝੋਨੇ ਤੋਂ ਬਾਅਦ ਪੰਜਾਬ ਵਿੱਚ ਕਮਾਦ ਦੀ ਕਟਾਈ ਸ਼ੁਰੂ ਹੁੰਦੀ



ਹੈ, ਪਰ ਕਿਸਾਨਾਂ ਤੋਂ ਮਿਲ ਰਹੀ ਜਾਣਕਾਰੀ ਅਨੁਸਾਰ ਇਸ ਸਾਲ ਕਮਾਦ ਦਾ ਝਾੜ ਵੀ 20 ਤੋਂ 25 ਪ੍ਰਤੀਸ਼ਤ ਤੱਕ ਘੱਟ ਨਿਕਲ ਰਿਹਾ ਹੈ। ਇਸ ਨਾਲ ਚੀਨੀ ਮਿੱਲਾਂ ਨਾਲ ਜੁੜੇ ਕਿਸਾਨਾਂ ਦੀਆਂ ਉਮੀਦਾਂ 'ਤੇ ਵੀ ਪਾਣੀ ਫਿਰ ਗਿਆ। ਆਲੂ ਦਾ ਭਾਅ ਦਸੰਬਰ 2024 ਵਿੱਚ 3800 ਰੁਪਏ ਕੁਇੰਟਲ ਦੇ ਮੁਕਾਬਲੇ ਦਸੰਬਰ 2025 ਵਿੱਚ 1900 ਰੁਪਏ ਕੁਇੰਟਲ ਲਗਭਗ ਅੱਧਾ ਹੀ ਖੁੱਲ੍ਹਿਆ। ਜਿਸ ਕਾਰਨ ਆਲੂ ਦਾ ਬਾਜ਼ਾਰ ਸ਼ੁਰੂ ਵਿੱਚ ਹੀ ਬੁਰੀ ਤਰ੍ਹਾਂ ਨਾਲ ਲੜਖੜਾ ਗਿਆ, ਕਿਉਂਕਿ ਇਸ ਭਾਅ 'ਤੇ ਕਿਸਾਨਾਂ ਦੇ ਖਰਚੇ ਵੀ ਪੂਰੇ ਨਹੀਂ ਹੋ ਰਹੇ, ਜਿਸ ਨਾਲ ਆਲੂ ਉਗਾਉਣ ਵਾਲ ਕਿਸਾਨ ਨਿਰਾਸ਼ ਨਜ਼ਰ ਆਏ, ਪਰ ਸਬਜ਼ੀ ਉਤਪਾਦਕ ਇਸ ਸਾਲ ਬਾਕੀ ਫ਼ਸਲਾਂ ਦੇ ਮੁਕਾਬਲੇ ਮੁਨਾਫੇ ਵਿੱਚ ਰਹੇ। ਇਸ ਵਾਰ ਪੂਰਾ ਸਾਲ ਫ਼ਸਲਾਂ ਦੀ ਬਿਜਾਈ ਦੇ ਸਮੇਂ ਪੰਜਾਬ ਵਿੱਚ ਡੀ. ਏ. ਪੀ. ਅਤੇ ਯੂਰੀਆ ਖਾਦ ਦੀ ਕਿੱਲਤ ਬਣੀ ਰਹੀ। ਖਾਦਾਂ ਦੀ ਘਾਟ ਕਾਰਨ ਬਹੁਤ ਸਾਰੇ ਕਿਸਾਨਾਂ ਨੂੰ ਹੋਰਨਾਂ ਸੂਬਿਆਂ ਵਿੱਚ ਖਾਦ ਦੀ ਭਾਲ ਲਈ ਭਟਕਣਾ ਪਿਆ। ਇਸ ਦੇ ਨਾਲ ਹੀ ਖਾਦ ਵਿਕਰੇਤਾ ਕੰਪਨੀਆਂ ਵੱਲੋਂ ਖਾਦ ਦੇ ਨਾਲ ਹੋਰ ਨਿੱਕ-ਸੁੱਕ ਕਿਸਾਨਾਂ 'ਤੇ ਥੋਪਣ ਦੀ ਚਰਚਾ ਵੀ ਸਾਲ ਭਰ ਚੱਲਦੀ ਰਹੀ, ਜਿਸ ਕਾਰਨ ਸਾਲ ਦੇ ਅੰਤ ਵਿੱਚ ਕੰਪਨੀਆਂ ਨੂੰ ਸਪੱਸ਼ਟੀਕਰਨ ਦੇਣ ਲਈ ਇਸ਼ਤਿਹਾਰ ਤੱਕ ਛਪਵਾਉਣੇ ਪਏ। ਦੂਜੇ ਪਾਸੇ ਕਿਸਾਨ ਸਰਕਾਰ ਵੱਲੋਂ ਦਿੱਤੀ ਗਈ ਬਿਜਲੀ ਸਪਲਾਈ ਤੋਂ ਕਾਫ਼ੀ ਹੱਦ ਤੱਕ ਖੁਸ਼ ਨਜ਼ਰ ਆਏ, ਕਿਉਂਕਿ ਇਸ ਨਾਲ ਸਿੰਚਾਈ ਦੇ ਖਰਚਿਆਂ ਵਿੱਚ ਰਾਹਤ ਮਿਲੀ। ਕੁੱਲ ਮਿਲਾ ਕੇ ਇਹ ਸਾਲ ਕਿਸਾਨਾਂ ਲਈ ਚੁਣੌਤੀਆਂ ਭਰਿਆ ਹੀ ਰਿਹਾ।



# ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਦਾ ਵਾਧਾ

ਇੱਕ ਗੰਭੀਰ ਰਿਪੋਰਟ ਬੀਤੇ ਦਿਨੀਂ ਸਾਡੇ ਸਾਹਮਣੇ ਆਈ ਹੈ । 'ਸੈਂਟਰਲ ਗਰਾਊਂਡ ਵਾਟਰ ਰਿਪੋਰਟ' ਵੱਲੋਂ ਇਹ ਤੱਥ ਸਾਂਝੇ ਕੀਤੇ ਗਏ ਹਨ ਕਿ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੋਂ ਜ਼ਮੀਨ ਹੇਠਲੇ ਪਾਣੀ ਦੇ ਲਏ ਗਏ ਨਮੂਨਿਆਂ ਵਿੱਚੋਂ 62 ਫ਼ੀਸਦੀ ਨਮੂਨਿਆਂ ਵਿੱਚ ਲੋੜ ਤੋਂ ਬਹੁਤ ਜ਼ਿਆਦਾ ਯੂਰੇਨੀਅਮ ਮੌਜੂਦ ਹੈ । ਇਸ ਰਿਪੋਰਟ ਅਨੁਸਾਰ ਭਾਰਤ ਦੇ ਸਾਰੇ ਸੂਬਿਆਂ ਵਿੱਚੋਂ ਸਭ ਤੋਂ ਵੱਧ ਬੁਰਾ ਹਾਲ ਪੰਜਾਬ ਦਾ ਹੈ ਜਿੱਥੇ ਵੱਖ-ਵੱਖ ਇਲਾਕਿਆਂ ਦੇ 62 ਫ਼ੀਸਦੀ ਨਮੂਨੇ ਖ਼ਤਰੇ ਦੇ ਨਿਸ਼ਾਨ ਨੂੰ ਟੱਪ ਚੁੱਕੇ ਹਨ ।

ਯੂਰੇਨੀਅਮ ਦੀ ਮਾਤਰਾ ਦਾ ਪੈਮਾਨਾ 30 ਪੀ ਪੀ ਬੀ (ਪਾਰਟ ਪਰ ਬਿਲੀਅਨ) ਹੈ । ਇੱਕ ਬਿਲੀਅਨ ਦਾ ਭਾਵ ਹੈ ਸੌ ਕਰੋੜ, ਜਿਸ ਦਾ ਭਾਵ ਹੈ ਕਿ ਪਾਣੀ ਦੇ ਸੌ ਕਰੋੜ ਕਣਾਂ ਵਿੱਚ 30 ਕਣ ਯੂਰੇਨੀਅਮ ਦਾ ਹੋਣਾ ਖ਼ਤਰਨਾਕ ਨਹੀਂ ਹੈ ਪਰ ਪੰਜਾਬ ਦੇ 20 ਜ਼ਿਲ੍ਹਿਆਂ ਵਿੱਚ ਇਹ ਪੈਮਾਨਾ 30 ਪੀ ਪੀ ਬੀ ਟੱਪ ਚੁੱਕਿਆ ਹੈ ।

ਇਸ ਤੋਂ ਇਲਾਵਾ ਆਰਗੈਨਿਕ, ਫਲੋਰਾਈਡ, ਨਾਈਟ੍ਰੇਟ ਆਦਿ ਜਿਹੇ ਰਸਾਇਣਕ ਪਦਾਰਥਾਂ ਨਾਲ ਭਾਰੂ ਧਾਤਾਂ ਦੀ ਮਾਤਰਾ ਵੀ ਲੋੜ ਤੋਂ ਵੱਧ ਪਾਈ ਗਈ ਹੈ । ਪੰਜਾਬ ਦੇ ਦਰਿਆ ਤਾਂ ਫੈਕਟਰੀਆਂ ਦੇ ਗੰਦੇ ਪਾਣੀ ਕਾਰਨ ਪਹਿਲਾਂ ਹੀ ਜ਼ਹਿਰੀ ਹੋ ਚੁੱਕੇ ਸਨ ਤੇ ਹੁਣ ਪਾਣੀ ਵੀ ਪੀਣ ਯੋਗ ਨਹੀਂ ਬਚਿਆ । ਪਾਣੀ ਨੂੰ ਜੀਵਨ ਕਿਹਾ ਜਾਂਦਾ ਹੈ, ਪਰ ਅੱਜ ਇਹੀ ਪਾਣੀ ਵੱਡੀ ਗਿਣਤੀ ਲੋਕਾਂ ਲਈ ਕੈਂਸਰ ਦਾ ਕਾਰਨ ਬਣ ਰਿਹਾ ਹੈ ।

ਰਿਪੋਰਟ ਮੁਤਾਬਿਕ ਜ਼ਿਲ੍ਹੇਵਾਰ ਅੰਕੜੇ ਇਸ ਪ੍ਰਕਾਰ ਹਨ : ਬਰਨਾਲਾ ਦੇ 18 ਨਮੂਨਿਆਂ ਵਿੱਚ 30 ਪੀ ਪੀ ਬੀ ਦੇ ਪੈਮਾਨੇ ਨਾਲੋਂ ਯੂਰੇਨੀਅਮ ਦੀ ਮਾਤਰਾ 89 ਫ਼ੀਸਦੀ ਵੱਧ ਹੈ । ਇਸੇ ਤਰ੍ਹਾਂ ਇਹ ਫ਼ਤਹਿਗੜ੍ਹ ਸਾਹਿਬ ਦੇ 11 ਨਮੂਨਿਆਂ ਵਿੱਚ 82 ਫ਼ੀਸਦੀ, ਮੋਗਾ ਵਿੱਚ 84 ਫ਼ੀਸਦੀ, ਜਲੰਧਰ ਵਿੱਚ 60 ਫ਼ੀਸਦੀ, ਬਠਿੰਡਾ ਵਿੱਚ 63 ਫ਼ੀਸਦੀ, ਸੰਗਰੂਰ ਵਿੱਚ 67 ਫ਼ੀਸਦੀ, ਲੁਧਿਆਣਾ ਵਿੱਚ 59 ਫ਼ੀਸਦੀ, ਫਿਰੋਜ਼ਪੁਰ ਵਿੱਚ 56 ਫ਼ੀਸਦੀ, ਪਟਿਆਲਾ ਵਿੱਚ 54 ਫ਼ੀਸਦੀ ਅਤੇ ਤਰਨ ਤਾਰਨ ਵਿੱਚ 57 ਫ਼ੀਸਦੀ ਵੱਧ ਹੈ । ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਮੁਹਾਲੀ, ਗੁਰਦਾਸਪੁਰ ਇਲਾਕੇ ਇਸ ਮਾਰ ਤੋਂ ਬਚੇ ਹੋਏ ਹਨ । ਬਾਕੀ ਬਚਦੇ ਸਾਰੇ ਜ਼ਿਲ੍ਹਿਆਂ ਵਿੱਚ ਯੂਰੇਨੀਅਮ ਦੀ ਮਾਤਰਾ 20-50 ਫ਼ੀਸਦੀ ਮਿਲੀ ਹੈ । ਮੁੱਖ ਰੂਪ ਵਿੱਚ ਦੱਖਣੀ-ਪੂਰਬੀ ਪੰਜਾਬ ਅਤੇ ਕੇਂਦਰੀ ਪੰਜਾਬ ਦੇ ਵਸਨੀਕ ਇਹ ਸੰਤਾਪ ਹੰਢਾ ਰਹੇ ਹਨ । ਕੈਂਸਰ ਪੀੜਤਾਂ ਦੀ ਗਿਣਤੀ ਵੀ ਇਨ੍ਹਾਂ ਇਲਾਕਿਆਂ ਵਿੱਚ ਹੀ ਵੱਧ ਹੈ । ਇਸ ਲਈ ਹੁਣ ਖੋਜ ਕੇਂਦਰਾਂ ਦਾ ਕੰਮ ਇਹ ਵੇਖਣਾ ਹੈ ਕਿ ਕੀ ਇਨ੍ਹਾਂ ਦੋਵੇਂ ਵਰਤਾਰਿਆਂ ਵਿੱਚ ਆਪਸੀ ਸੰਬੰਧ ਹੈ ? ਜੇਕਰ ਅਜਿਹਾ ਹੈ ਤਾਂ ਕੈਂਸਰ ਦੇ ਮਰੀਜ਼ਾਂ ਦਾ ਇਲਾਜ ਹੀ ਇੱਕ ਕੰਮ ਨਹੀਂ ਰਹਿ ਜਾਵੇਗਾ ਸਗੋਂ ਭਵਿੱਖ ਵਿੱਚ ਕੈਂਸਰ ਦੀ ਮਾਰ ਨੂੰ ਖ਼ਤਮ ਕਰਨ ਲਈ ਯੂਰੇਨੀਅਮ ਵਰਗੀ ਅਲਾਮਤ ਦਾ ਵੀ ਹੱਲ ਲੱਭਣਾ ਪਵੇਗਾ ।

### ਯੂਰੇਨੀਅਮ ਕੀ ਹੈ ਤੇ ਇਹ ਕਿਉਂ ਖ਼ਤਰਨਾਕ ਹੈ ?

ਸਾਡੀ ਧਰਤੀ ਅਤੇ ਸਾਡਾ ਸਰੀਰ ਵੱਖ-ਵੱਖ ਅਣੂਆਂ ਤੋਂ ਬਣੇ ਹਨ ਜਿਨ੍ਹਾਂ ਦੇ ਵੱਖੋ-ਵੱਖਰੇ ਗੁਣ ਹੁੰਦੇ ਹਨ । ਜਿਵੇਂ ਸਾਡਾ ਸਰੀਰ ਕਾਰਬਨ, ਹਾਈਡ੍ਰੋਜਨ, ਆਕਸੀਜਨ, ਕੈਲਸ਼ੀਅਮ ਆਦਿ ਵਰਗੇ 30 ਤੋਂ ਵੱਧ ਤੱਤਾਂ ਦੀ ਰਚਨਾ ਹੈ । ਕੁਦਰਤ ਵਿੱਚ 100 ਤੋਂ ਵੱਧ ਤੱਤ ਹਨ ਜਿਨ੍ਹਾਂ ਵਿੱਚੋਂ ਕਾਫ਼ੀ ਸਾਰੇ ਸਰੀਰ ਲਈ ਨੁਕਸਾਨਦਾਇਕ ਹਨ । ਇਨ੍ਹਾਂ ਤੱਤਾਂ ਵਿੱਚ ਸਭ ਤੋਂ ਵੱਧ ਖ਼ਤਰਨਾਕ ਉਹ ਮੰਨੇ ਜਾਂਦੇ ਹਨ ਜੋ ਰੇਡੀਏਸ਼ਨ ਛੱਡਦੇ ਹਨ । ਭਾਵ ਇਨ੍ਹਾਂ ਤੱਤਾਂ ਦੀ ਊਰਜਾ ਕਿਰਨਾਂ ਦੇ ਰੂਪ ਵਿੱਚ ਨਿਕਲਦੀ ਰਹਿੰਦੀ ਹੈ ਜੋ ਖ਼ਤਰਨਾਕ ਹੁੰਦੀਆਂ ਹਨ । ਇਨ੍ਹਾਂ ਨੂੰ ਰੇਡੀਓਐਕਟਿਵ ਐਲੀਮੈਂਟ ਵੀ ਕਿਹਾ ਜਾਂਦਾ ਹੈ । ਯੂਰੇਨੀਅਮ ਵੀ ਇੱਕ ਰੇਡੀਓਐਕਟਿਵ ਐਲੀਮੈਂਟ ਹੈ । ਇਸ ਤੱਤ ਤੋਂ ਅਜਿਹਾ ਪ੍ਰਮਾਣੂ ਬੰਬ ਤਿਆਰ ਕੀਤਾ ਗਿਆ ਸੀ, ਜਿਸ ਨੇ ਕੁੱਝ ਹੀ ਪਲਾਂ ਵਿੱਚ ਜਾਪਾਨ ਵਿੱਚ ਲੱਖਾਂ ਜ਼ਿੰਦਗੀਆਂ ਖ਼ਤਮ ਕਰ ਦਿੱਤੀਆਂ ਸਨ । ਧਮਾਕੇ ਤੋਂ ਪੰਜਾਹ ਸਾਲਾਂ ਬਾਅਦ ਹੀ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਯੂਰੇਨੀਅਮ



ਦਵਿੰਦਰ ਕੌਰ ਖੁਸ਼ ਧਾਲੀਵਾਲ
ਮੋਬਾਇਲ : 88472-27740

ਦੀਆਂ ਖ਼ਤਰਨਾਕ ਰੇਡੀਓਐਕਟਿਵ ਕਿਰਨਾਂ ਕਰਕੇ ਬੱਚੇ ਸਰੀਰਕ ਤੌਰ 'ਤੇ ਅਸਮਰੱਥ ਪੈਦਾ ਹੁੰਦੇ ਰਹੇ ਅਤੇ ਨੌਜਵਾਨ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਨਾਲ ਗ੍ਰਸਤ ਰਹੇ । ਅੱਜ ਇਹੋ ਯੂਰੇਨੀਅਮ ਸਾਡੇ ਪੀਣ ਵਾਲੇ ਪਾਣੀ ਵਿੱਚ ਘੁਲ ਚੁੱਕਿਆ ਹੈ । ਇੱਕ ਹੋਰ ਰਿਪੋਰਟ ਅਨੁਸਾਰ ਅੱਜ ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੇ ਦੁੱਧ ਵਿੱਚ ਵੀ ਯੂਰੇਨੀਅਮ ਮੌਜੂਦ ਹੈ । ਇਹ ਬਹੁਤ ਹੀ ਖ਼ਤਰਨਾਕ ਵਰਤਾਰਾ ਹੈ ।

### ਪੰਜਾਬ ਦੇ ਪਾਣੀਆਂ ਵਿੱਚ ਵੱਧਦੇ ਯੂਰੇਨੀਅਮ ਲਈ ਦੋਸ਼ੀ ਕੌਣ ਹੈ ?


ਪੰਜਾਬ ਨਾਲ ਲੱਗਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਹਿਮਾਚਲ ਦੇ ਪਹਾੜਾਂ ਵਿੱਚ ਯੂਰੇਨੀਅਮ ਪਾਇਆ ਜਾਂਦਾ ਹੈ ਜੋ ਨਦੀਆਂ ਰਾਹੀਂ ਮੈਦਾਨਾਂ ਤੱਕ ਆਉਂਦਾ ਹੈ ਅਤੇ ਰਿਸਦਾ ਹੋਇਆ ਜ਼ਮੀਨ ਹੇਠਲੇ ਪਾਣੀ ਵਿੱਚ ਜਾ ਰਲਦਾ ਹੈ । ਇਹ ਕੁਦਰਤੀ ਪੱਧਰ 'ਤੇ ਹੋਣ ਵਾਲਾ ਵਰਤਾਰਾ ਹੈ ਪਰ ਨਜਾਇਜ਼ ਖਣਨ ਨੇ ਇਸ ਪ੍ਰਕਿਰਿਆ ਨੂੰ ਕਈ ਗੁਣਾ ਤੇਜ਼ ਕਰ ਦਿੱਤਾ ਹੈ । ਪਹਾੜਾਂ ਦੀ ਬਰਬਾਦੀ ਤੇ ਜੰਗਲਾਂ ਦੀ ਕਟਾਈ ਨੇ ਹੋਰ ਬਹੁਤ ਗੰਭੀਰ ਸਮੱਸਿਆ ਪੈਦਾ ਕੀਤੀ ਹੈ ਜੋ ਸਾਨੂੰ ਹੜ੍ਹ, ਬੱਦਲ ਫਟਣ ਤੇ ਪਹਾੜ ਵਰਗੇ ਤਬਾਹਕੁੰਨ ਵਰਤਾਰਿਆਂ ਵਿੱਚ ਦਿਖਾਈ ਦਿੰਦੀ ਹੈ । ਪੰਜਾਬ ਦੀ ਜ਼ਮੀਨ ਦੀਆਂ ਹੇਠਲੀਆਂ ਪਰਤਾਂ ਵਿੱਚ ਵੀ ਯੂਰੇਨੀਅਮ ਦੀ ਮੌਜੂਦਗੀ ਮਿਲੀ ਹੈ ।

ਮੁਨਾਫ਼ੇ ਦੀ ਦੌੜ ਵਿੱਚ ਪੰਜਾਬ ਨੇ ਦੋਹਾਂ ਪੱਖਾਂ ਤੋਂ ਬਰਬਾਦੀ ਝੱਲੀ ਹੈ । ਪੰਜਾਬ ਦੀ ਸਨਅਤ, ਖ਼ਾਸ ਕਰਕੇ ਲੁਧਿਆਣੇ ਦੀਆਂ ਫੈਕਟਰੀਆਂ ਬੁੱਢਾ ਦਰਿਆ ਅਤੇ ਸਤਲੁਜ ਨੂੰ ਜ਼ਹਿਰ ਬਣਾ ਚੁੱਕੀਆਂ ਹਨ । ਇਨ੍ਹਾਂ ਤੋਂ ਬਿਨਾਂ ਹੋਰ ਕਈ ਫੈਕਟਰੀਆਂ ਹਨ ਜਿਹੜੀਆਂ ਦੂਸ਼ਿਤ ਪਾਣੀ ਬੋਰ ਕਰਕੇ ਜ਼ਮੀਨ ਹੇਠਲੇ ਪਾਣੀ ਵਿੱਚ ਰਲਾ ਰਹੀਆਂ ਹਨ । ਲੁਧਿਆਣੇ ਦੀ ਚਮੜੇ ਦੀ ਸਨਅਤ, ਕੈਮੀਕਲ ਪੇਂਟ (ਰੰਗ) ਦੀ ਸਨਅਤ ਆਦਿ ਪਾਣੀ ਵਿੱਚ ਆਰਸੈਨਿਕ, ਲੈੱਡ, ਕਰੋਮੀਅਮ ਵਰਗੀਆਂ ਜ਼ਹਿਰੀਲੀਆਂ ਭਾਰੀ ਧਾਤਾਂ ਮਿਲਾ ਰਹੀਆਂ ਹਨ । ਇਸ ਨੂੰ ਐਫਲੂਐਂਟ ਕਿਹਾ ਜਾਂਦਾ ਹੈ ਜਿਸ ਵਿੱਚ ਭਾਰੀ ਧਾਤਾਂ ਦੇ ਨਾਲ-ਨਾਲ ਕਈ ਤਰ੍ਹਾਂ ਦੇ ਰਸਾਇਣ ਹੁੰਦੇ ਹਨ । ਇਸ ਵਿੱਚ ਕਈ ਹੋਰ ਅਜਿਹੇ ਪਦਾਰਥ ਵੀ ਸ਼ਾਮਲ ਹੁੰਦੇ ਹਨ ਜੋ ਮਿੱਟੀ ਵਿੱਚ ਮੌਜੂਦ ਯੂਰੇਨੀਅਮ ਨੂੰ ਖੋਰ ਕੇ ਪਾਣੀ ਵਿੱਚ ਰਲਾਉਣ ਵਿੱਚ ਮਦਦ ਕਰਦੇ ਹਨ ।

ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਵੱਧਣ ਦਾ ਕਾਰਨ ਖੇਤੀ ਵੀ ਹੈ । ਝੋਨੇ ਵਰਗੀਆਂ ਫ਼ਸਲਾਂ ਲਈ ਪਾਣੀ ਬੇਹਿਸਾਬ ਵਰਤਿਆ ਜਾਂਦਾ ਹੈ । ਇਸ ਨਾਲ ਪਾਣੀ ਧਰਤੀ ਦੀਆਂ ਬਹੁਤ ਡੂੰਘੀਆਂ ਪਰਤਾਂ ਵਿੱਚ ਕੱਢਿਆ ਜਾਣ ਲੱਗਾ ਹੈ, ਜਿਵੇਂ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਵੱਧ ਹੈ । ਰਸਾਇਣਕ ਖਾਦਾਂ ਨੇ ਵੀ ਪਾਣੀ ਵਿੱਚ ਭਾਰੀਆਂ ਧਾਤਾਂ ਦੀ ਭਰਮਾਰ ਕੀਤੀ ਹੈ । ਫਾਸਫੇਟ ਯੁਕਤ ਕੀਟਨਾਸ਼ਕ ਨਾਲ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਵਿੱਚ ਕਾਫ਼ੀ ਵਾਧਾ ਹੋਇਆ ਹੈ । ਇਸੇ ਤਰ੍ਹਾਂ ਅੱਜ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਜੋ ਆਰ.ਓ. ਫਿਲਟਰ ਲੱਗੇ ਹੋਏ ਹਨ, ਉਹ ਜਦੋਂ ਪਾਣੀ ਸਾਫ਼ ਕਰ ਦਿੰਦੇ ਹਨ ਤਾਂ ਸਾਰਾ ਯੂਰੇਨੀਅਮ ਅਤੇ ਹੋਰ ਗੰਦਗੀ ਉਸ ਦੇ ਫਿਲਟਰਾਂ ਵਿੱਚ ਜਮ੍ਹਾਂ ਹੋ ਜਾਂਦੀ ਹੈ । ਇਸ ਨਾਲ ਫਿਲਟਰ ਵਿੱਚ ਖ਼ਤਰਨਾਕ ਧਾਤਾਂ ਅਤੇ ਕੈਮੀਕਲਾਂ ਦੀ ਮਾਤਰਾ ਵੱਧ ਹੁੰਦੀ ਹੈ । ਇਨ੍ਹਾਂ ਫਿਲਟਰਾਂ ਨੂੰ ਆਮ ਕੂੜੇ ਨਾਲ ਸੁੱਟਣ ਦੀ ਥਾਂ ਸਹੀ ਢੰਗ ਨਾਲ ਨਿਪਟਾਰਾ ਕਰਨਾ ਬਹੁਤ ਜ਼ਰੂਰੀ ਹੈ । ਇਸ ਨਿਪਟਾਰੇ ਲਈ ਸਰਕਾਰ ਨੂੰ ਕੁੱਝ ਕੇਂਦਰ ਬਣਾਉਣੇ ਚਾਹੀਦੇ ਹਨ ।

ਸੂਬਾ ਸਰਕਾਰ ਦੇ ਖੋਜ ਕੇਂਦਰਾਂ ਅਤੇ ਯੂਨੀਵਰਸਿਟੀਆਂ ਵਰਗੇ ਖੋਜ ਅਦਾਰਿਆਂ ਨੂੰ ਇਸ ਗੰਭੀਰ ਸਮੱਸਿਆ ਨੂੰ ਧਿਆਨ ਵਿੱਚ ਰੱਖ ਕੇ ਹੁਣ ਤੋਂ ਹੀ ਕੰਮ ਸ਼ੁਰੂ ਕਰਨ ਦੀ ਲੋੜ ਹੈ । ਇਸ ਦੇ ਨਾਲ ਹੀ ਪਲੀਤ ਹੋ ਰਹੇ ਵਾਤਵਰਨ ਨੂੰ ਬਚਾਉਣ ਲਈ ਵੀ ਵੱਖ-ਵੱਖ ਪੱਧਰ 'ਤੇ ਹੀਲੇ ਕਰਨ ਦੀ ਲੋੜ ਹੈ । ਅਜੋਕੇ ਸਮੇਂ ਵਿੱਚ ਸਨਅਤ ਅਤੇ ਖੇਤੀ ਦੀ ਪੈਦਾਵਾਰ ਪਿਛਲਾ ਮੁੱਖ ਮਕਸਦ ਮੁਨਾਫ਼ਾ ਕਮਾਉਣਾ ਹੈ ਜਿਸ ਲਈ ਵਾਤਾਵਰਨ ਨਾਲ ਵੀ ਵੱਡੇ ਪੱਧਰ 'ਤੇ ਖਿਲਵਾੜ ਕੀਤਾ ਜਾਂਦਾ ਹੈ । ਸਾਫ਼ ਵਾਤਾਵਰਨ ਤੇ ਸਾਫ਼ ਪੌਣ ਪਾਣੀ ਹਰ ਮਨੁੱਖ ਦਾ ਬੁਨਿਆਦੀ ਹੱਕ ਹੈ, ਜੋ ਹਰੇਕ ਨੂੰ ਮਿਲਣਾ ਚਾਹੀਦਾ ਹੈ ।

# ਅੰਤਰ-ਰਾਸ਼ਟਰੀ ਮਹਾਂਮਾਰੀ ਤਿਆਰੀ ਦਿਵਸ



ਮਹਾਂਮਾਰੀ, ਇੱਕ ਬਿਮਾਰੀ ਹੈ ਜੋ ਥੋੜ੍ਹੇ ਸਮੇਂ ਵਿੱਚ ਇੱਕ ਵੱਡੀ ਆਬਾਦੀ ਵਿੱਚ ਤੇਜ਼ੀ ਨਾਲ ਫੈਲਦੀ ਹੈ ਅਤੇ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ । ਕੋਰੋਨਾ ਵਾਇਰਸ ਭਾਵ ਕੋਵਿਡ-19 ਮਹਾਂਮਾਰੀ ਦਸੰਬਰ 2019 ਵਿੱਚ ਚੀਨ ਦੇ ਵੁਹਾਨ ਸ਼ਹਿਰ ਤੋਂ ਸ਼ੁਰੂ ਹੋਈ ਅਤੇ ਇਸ ਤੋਂ ਥੋੜ੍ਹੀ ਦੇਰ ਬਾਅਦ ਦੇਖਦੇ-ਦੇਖਦੇ ਇਹ ਏਸ਼ੀਆ ਦੇ ਹੋਰ ਹਿੱਸਿਆਂ ਵਿੱਚ ਅਤੇ ਫਿਰ 2020 ਦੇ ਸ਼ੁਰੂ ਵਿੱਚ ਦੁਨੀਆਂ ਭਰ ਵਿੱਚ ਫੈਲ ਗਈ ।

ਮਹਾਂਮਾਰੀ ਦੇ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਲਈ ਹਰ ਸਾਲ 27 ਦਸੰਬਰ ਨੂੰ ਅੰਤਰ-ਰਾਸ਼ਟਰੀ ਮਹਾਂਮਾਰੀ ਤਿਆਰੀ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ । 7 ਦਸੰਬਰ 2020 ਨੂੰ ਸੰਯੁਕਤ ਰਾਸ਼ਟਰ ਮਹਾਂਸਭਾ ਨੇ 27 ਦਸੰਬਰ ਨੂੰ ਅੰਤਰਰਾਸ਼ਟਰੀ ਮਹਾਂਮਾਰੀ ਤਿਆਰੀ ਦਿਵਸ ਦੇ ਰੂਪ ਵਿੱਚ ਘੋਸ਼ਿਤ ਕੀਤਾ । ਇਸਦਾ ਉਦੇਸ਼ ਸੂਚਨਾ ਦੇ ਆਦਾਨ ਪ੍ਰਦਾਨ ਨੂੰ ਸੁਵਿਧਾਜਨਕ ਬਣਾਉਣਾ, ਵਿਗਿਆਨਿਕ ਗਿਆਨ ਦਾ ਪ੍ਰਸਾਰ ਕਰਨਾ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਸਰਵਉੱਤਮ ਕਾਰਜ ਪ੍ਰਣਾਲੀਆਂ ਦਾ ਆਦਾਨ ਪ੍ਰਦਾਨ ਸੁਨਿਸ਼ਚਿਤ ਕਰਨਾ ਹੈ ।

ਮਹਾਂਮਾਰੀਆਂ ਵਿੱਚ ਜ਼ਿਆਦਾਤਰ ਛੂਤ ਦੀਆਂ ਬਿਮਾਰੀਆਂ ਸ਼ਾਮਲ ਹੁੰਦੀਆਂ ਹਨ । ਸਾਲ 1200 ਈਸਾ ਪੂਰਵ ਵਿੱਚ ਬੇਬੀਲੋਨ ਇਨਫਲੂਐਂਜ਼ਾ ਮਹਾਂਮਾਰੀ ਨੇ ਫਾਰਸੀ, ਮੇਸੋਪੋਟੇਮੀਅਨ, ਮੱਧ ਏਸ਼ੀਆ ਅਤੇ ਦੱਖਣੀ ਏਸ਼ੀਆ ਨੂੰ ਪ੍ਰਭਾਵਿਤ ਕੀਤਾ । ਸਾਲ 429 ਈਸਾ ਪੂਰਵ ਅਤੇ 426 ਈਸਾ ਪੂਰਵ ਦੇ ਦਰਮਿਆਨ ਪਲੇਗ ਨੇ ਲੀਬੀਆ, ਗ੍ਰੀਸ, ਮਿਸਰ ਅਤੇ ਇਥੋਪੀਆ ਦੇ ਖੇਤਰਾਂ ਨੂੰ ਸੰਕ੍ਰਮਿਤ ਕੀਤਾ । ਸਾਲ 737 ਈਸਾ ਪੂਰਵ ਵਿੱਚ ਚੇਚਕ ਨੇ ਜਾਪਾਨ ਨੂੰ ਪ੍ਰਭਾਵਿਤ ਕੀਤਾ । ਸਾਲ 2013 ਵਿੱਚ ਚਿਕਨਗੁਨੀਆ ਦੇ ਪ੍ਰਕੋਪ ਨੇ ਸੰਯੁਕਤ ਰਾਜ ਅਮਰੀਕਾ ਨੂੰ ਪ੍ਰਭਾਵਿਤ ਕੀਤਾ । ਸਾਲ 2014 ਵਿੱਚ ਭਾਰਤੀ ਰਾਜ ਉੜੀਸਾ ਨੂੰ ਮੁੱਖ ਰੂਪ ਵਿੱਚ ਹੈਪੇਟਾਈਟਸ ਏ ਦੇ ਕਾਰਨ ਪੀਲੀਆ ਦੇ ਪ੍ਰਕੋਪ ਦਾ ਸਾਹਮਣਾ ਕਰਨਾ ਪਿਆ । ਸਾਲ 2015 ਵਿੱਚ ਭਾਰਤ ਵਿੱਚ ਸਵਾਈਨ ਫਲੂ ਦਾ ਪ੍ਰਕੋਪ ਹੋਇਆ । ਸਾਲ 2015 ਅਤੇ 2016 ਦੇ ਦਰਮਿਆਨ ਜ਼ੀਕਾ ਵਾਇਰਸ ਨੇ ਦੁਨੀਆ ਦੇ ਵੱਖ-ਵੱਖ ਖੇਤਰਾਂ ਨੂੰ ਪ੍ਰਭਾਵਿਤ ਕੀਤਾ । ਸਾਲ 2016 ਵਿੱਚ ਯਮਨ ਵਿੱਚ ਹੈਜ਼ਾ ਦਾ ਪ੍ਰਕੋਪ ਹੋਇਆ ਅਤੇ ਅੱਜ ਵੀ ਜਾਰੀ ਹੈ । ਸਾਲ 2017 ਵਿੱਚ ਜਾਪਾਨੀ ਇਨਸੇਫਲਾਈਟਿਸ ਨੇ ਦੇਸ਼ ਦੇ ਉੱਤਰ ਪ੍ਰਦੇਸ਼ ਰਾਜ ਨੂੰ ਸੰਕ੍ਰਮਿਤ ਕੀਤਾ । ਸਾਲ 2018 ਵਿੱਚ ਨਿੱਪਾ ਵਾਇਰਸ ਨੇ ਭਾਰਤ ਦੇ ਕੇਰਲਾ ਰਾਜ ਵਿੱਚ ਲੋਕਾਂ ਨੂੰ ਸੰਕ੍ਰਮਿਤ ਕੀਤਾ । ਸਾਲ 2019 ਵਿੱਚ ਨਾਈਜੀਰੀਆ ਵਿੱਚ ਲਾਸਾ ਬੁਖਾਰ ਦਾ ਪ੍ਰਕੋਪ ਹੋਇਆ । ਸਾਲ 2019 ਵਿੱਚ ਕੁਆਲਾ ਕੋਹ ਖਸਰੇ ਨੇ ਮਲੇਸ਼ੀਆ ਨੂੰ ਪ੍ਰਭਾਵਿਤ ਕੀਤਾ ।

ਜਿਵੇਂ ਕਿਹਾ ਜਾਂਦਾ ਹੈ ਕਿ 'ਜਾਨ ਹੈ ਤਾਂ ਜਹਾਨ ਹੈ', ਸੋ ਮਹਾਂਮਾਰੀ ਦੌਰਾਨ ਸਾਨੂੰ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਦੇ ਪਾਲਣ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਲੋੜੀਂਦਾ ਸਹਿਯੋਗ ਕਰਨਾ ਚਾਹੀਦਾ ਹੈ ।

- ਗੋਬਿੰਦਰ ਸਿੰਘ ਢੀਂਡਸਾ

# ਝੋਨੇ ਤੋਂ ਬਾਅਦ ਹੁਣ ਗੰਨੇ ਦੀ ਫ਼ਸਲ ਦੇ ਝਾੜ 'ਤੇ ਪਈ ਹੜ੍ਹਾਂ ਦੀ ਮਾਰ

## ਘੱਟ ਝਾੜ ਕਾਰਨ ਕਿਸਾਨਾਂ ਨੂੰ ਝੱਲਣਾ ਪੈ ਰਿਹਾ ਭਾਰੀ ਆਰਥਿਕ ਘਾਟਾ

ਕੁਝ ਮਹੀਨੇ ਪਹਿਲਾਂ ਆਏ ਹੜ੍ਹਾਂ ਕਾਰਨ ਉਸ ਵਕਤ ਖੜ੍ਹੀ ਝੋਨੇ ਦੀ ਫ਼ਸਲ ਜਿੱਥੇ ਵੱਡੇ ਪੱਧਰ 'ਤੇ ਬਰਬਾਦ ਹੋਈ ਸੀ ਅਤੇ ਫ਼ਸਲ ਦੇ ਝਾੜ 'ਤੇ ਵੀ ਹੜ੍ਹ ਅਤੇ ਮੌਸਮ ਦਾ ਡੂੰਘਾ ਅਸਰ ਪਿਆ ਸੀ। ਹੁਣ ਇਸ ਸੀਜ਼ਨ ਦੌਰਾਨ ਗੰਨੇ ਦੀ ਫ਼ਸਲ ਦੇ ਝਾੜ 'ਤੇ ਵੀ ਹੜ੍ਹਾਂ ਅਤੇ ਮੌਸਮ ਦਾ ਡੂੰਘਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਇੱਥੋਂ ਤੱਕ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਸਰਹੱਦੀ ਖੇਤਰ ਅੰਦਰ 400 ਕੁਇੰਟਲ ਪ੍ਰਤੀ ਏਕੜ ਔਸਤ ਦੇਣ ਵਾਲੇ ਗੰਨੇ ਦਾ ਬਹੁਤੀ ਥਾਈਂ 200 ਕੁਇੰਟਲ ਪ੍ਰਤੀ ਏਕੜ ਝਾੜ ਸਿਮਟ ਕੇ ਰਹਿ ਗਿਆ ਹੈ। ਜਿਸ ਕਾਰਨ ਕਿਸਾਨਾਂ ਨੂੰ ਝੋਨੇ ਤੋਂ ਬਾਅਦ ਗੰਨੇ ਦੀ ਫ਼ਸਲ ਦਾ ਵੀ ਕਾਫ਼ੀ ਆਰਥਿਕ ਘਾਟਾ ਪੈ ਰਿਹਾ ਹੈ, ਉਪਰੋਂ ਗੰਨੇ ਦੀ ਕਟਾਈ ਲਈ ਪ੍ਰਵਾਸੀ ਮਜ਼ਦੂਰਾਂ ਦੀ ਇਸ ਵਾਰ ਵੱਡੀ ਕਿੱਲਤ ਕਾਰਨ ਕਟਾਈ ਦਾ ਭਾਅ ਇਸ ਵਾਰ 60 ਤੋਂ 70 ਰੁਪਏ ਪ੍ਰਤੀ ਕੁਇੰਟਲ ਤੋਂ ਵੱਧ ਚੁੱਕਾ ਹੈ। ਇਸ



ਲਈ ਜੇਕਰ ਫ਼ਸਲ ਦੇ ਸਾਰੇ ਲਾਗਤ ਖਰਚਿਆਂ ਨੂੰ ਜੋੜਿਆ ਜਾਵੇ ਤਾਂ ਆਮਦਨ ਦੀ ਬਜਾਏ, ਕਿਸਾਨਾਂ ਨੂੰ ਪੱਲਿਓਂ ਪੈਸੇ ਦੇਣੇ ਪੈ ਰਹੇ ਹਨ, ਕਿਉਂਕਿ ਬਹੁਤ ਸਾਰੇ ਅਜਿਹੇ ਕਿਸਾਨ ਹਨ, ਜਿਨ੍ਹਾਂ ਵੱਲੋਂ 50 ਤੋਂ 60 ਹਜ਼ਾਰ ਤੋਂ ਵੀ ਵੱਧ ਪ੍ਰਤੀ ਏਕੜ ਜ਼ਮੀਨ ਠੇਕੇ 'ਤੇ ਲੈ ਕੇ ਗੰਨੇ ਦੀ ਖੇਤੀ ਕੀਤੀ ਹੈ।

ਬਹੁਤ ਥਾਈਂ ਤਾਂ ਇਸ ਵਾਰ ਇਹ ਵੀ ਦੇਖਣ ਨੂੰ ਮਿਲਿਆ ਹੈ ਕਿ ਗੰਨੇ ਦੇ ਸੀਜ਼ਨ ਤੋਂ ਪਹਿਲਾਂ ਪ੍ਰਵਾਸੀ ਮਜ਼ਦੂਰਾਂ ਵੱਲੋਂ ਕਿਸਾਨਾਂ ਤੋਂ ਬੁਕਿੰਗ ਦੇ ਤੌਰ 'ਤੇ ਹਜ਼ਾਰਾਂ ਰੁਪਏ ਆਪਣੇ ਬੈਂਕ ਖਾਤਿਆਂ ਵਿੱਚ ਪੁਆਉਣ ਤੋਂ ਬਾਅਦ ਵੀ ਮਜ਼ਦੂਰ ਆਏ ਹੀ ਨਹੀਂ ਅਤੇ ਕਿਸਾਨਾਂ ਦੇ ਪੈਸੇ ਹੜੱਪ ਕਰ ਲਏ ਗਏ। ਅਜਿਹੇ ਕਿਸਾਨਾਂ ਲਈ ਹੁਣ ਸਿਰਫ ਇਕੋ ਹੀ ਆਸ ਦੀ ਕਿਰਨ ਹੈ ਕਿ ਗੰਨਾ ਕੱਟਣ ਵਾਲੀਆਂ ਮਸ਼ੀਨਾਂ ਰਾਹੀਂ ਗੰਨੇ ਦੀ ਕਟਾਈ ਕਰਵਾਈ ਜਾਵੇ, ਪਰ ਅਜੇ ਤੱਕ ਬਹੁਤੀਆਂ ਮਸ਼ੀਨਾਂ ਵੀ ਉਪਲੱਬਧ ਨਾ ਹੋਣ ਕਾਰਨ ਖਾਸ ਕਰਕੇ ਛੋਟੇ ਕਿਸਾਨਾਂ ਲਈ ਗੰਨੇ ਦੀ ਕਟਾਈ ਦੀ ਸਮੱਸਿਆ ਬਣੀ ਹੋਈ ਹੈ।


ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ

ਸਿਰਫ 100/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in

E-mail : khetiduniyan1983@gmail.com




## ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭ ਇੱਛਾਵਾਂ ਆ ਕੇ...

ਸੂਰਜ ਨੇ ਘੁੰਡ ਚੁੱਕ ਕੇ ਜਦ ਕਿਰਨਾਂ ਦਾ ਮੁੱਖ ਵਿਖਾਇਆ।
ਧਰਤੀ ਦੇ ਫਿਰ ਕਣ-ਕਣ ਅੰਦਰ ਨੂਰ ਇਲਾਹੀ ਆਇਆ।
ਫੁੱਲਾਂ ਨੇ ਖ਼ੁਸ਼ਬੂਆਂ ਦਿੱਤੀਆਂ ਘੁਟ ਗਲ ਵਕੜੀ ਪਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭ ਇਛਾਵਾਂ ਆ ਕੇ।

ਰੁੱਤਾਂ ਦੀ ਅੰਗੜਾਈ ਅੰਦਰ ਖ਼ੁਸ਼ੀਆਂ ਦੀ ਸ਼ਹਿਨਾਈ।
ਜੰਨਤ ਸੁੰਦਰਤਾ ਨੂੰ ਲੈ ਕੇ ਹਾਸੇ ਵਿੱਚ ਸ਼ਰਮਾਈ।
ਹਰਿਆਲੀ ਨੇ ਧਰਤੀ ਚੁੰਮੀ ਠੰਡੀਆਂ ਛਾਵਾਂ ਪਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਨਵ ਵਿਗਿਆਨ ਪਰੀਚਿਤ ਹੋਇਆ ਪਾ ਕੇ ਚੰਦਰਯਾਨ।
ਚੰਦਰਮਾ ਦੀ ਧਰਤੀ ਉਤੇ ਜਾ ਬਣਿਆ ਮਹਿਮਾਨ।
ਇੱਕ ਇਤਿਹਾਸ ਅਨੋਖਾ ਰਚਿਆ ਅੰਬਰ ਦੇ ਵਿੱਚ ਜਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਵਿਦਿਆ ਬੁੱਧ ਵਿਵੇਕ ਦਿਸ਼ਾਵਾਂ ਮੰਡਲੀ ਕਰਨ ਬਣਾਏ।
ਵਿਸ਼ਵ ਵਿਆਪੀ ਕਾਰਜ ਸਾਰੇ ਮੁੱਠੀ ਦੇ ਵਿੱਚ ਆਏ।
ਉਨਤੀ ਵਾਲੀ ਮਾਂਗ ਦੇ ਅੰਦਰ ਫਿਰ ਸਿੰਦੂਰ ਸਜਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਮੁੱਕ ਜਾਣੀ ਏ ਰਿਸ਼ਵਤ ਖੋਰੀ, ਹੇਰਾ ਫੇਰੀ, ਠੱਗੀ।
ਸੁਹਿਰਦਤਾ ਅਪਣੇ ਜੋਬਨ ਉੱਤੇ ਵੇਖੋ ਆਵਣ ਲੱਗੀ।
ਚੰਗਿਆਈ ਵਾਲੀ ਵਹੁਟੀ ਬੈਠੀ ਅਪਣਾ ਘੁੰਡ ਉਠਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਨਵ ਯੁਵਕਾਂ ਵਿੱਚ ਚੇਤਨਤਾ ਦੇ ਖੰਭਾਂ ਵਿੱਚ ਪਰਵਾਜ਼ ਬੜੀ।
ਖ਼ਾਮੋਸ਼ੀ ਦੇ ਮੰਜ਼ਰ ਵਿੱਚ ਅੰਦੋਲਨ ਦੀ ਆਵਾਜ਼ ਬੜੀ।
ਪਰਪੱਕਤਾ ਨੂੰ ਆਈ ਹੈ ਫਿਰ ਸਰਸਵਤੀ ਸਮਝਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਫੁੱਲਾਂ ਉੱਤੇ ਸ਼ਬਨਮ ਆਈ ਲੈ ਕੇ ਇੱਕ ਸਿਰਨਾਵਾਂ।
ਸੂਖਮ ਸੁੰਦਰਤਾ ਦੇ ਵਿੱਚ ਨੇ ਭਾਰਤ ਮਾਂ ਦੀਆਂ ਬਾਹੁਾਂ।
ਉਨਤੀ ਜੋਬਨ ਰੁੱਤੇ ਨਿਕਲੀ ਕਿਰਨਾਂ ਵਿੱਚ ਨਹਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਬਿੱਲੀ ਆਲ੍ਹਣੇ ਵਿੱਚ ਨਾ ਝਾਕੇ, ਸੱਪ ਨਾ ਮਾਰੇ ਡੰਗ।
ਜੀਵਨ ਵਿੱਚ ਸਲਾਮਤ ਹੋਵੇ ਉਮੰਗ ਤਰੰਗ ਨਿਸੰਗ।
ਕੋਈ ਗਰਮ ਹਵਾ ਨਾ ਲੰਘੇ ਗੁਲਸ਼ਨ ਨੂੰ ਤੜਪਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਗਰਮੀ ਦੀ ਰੁੱਤ ਗੁੰਮ ਗਈ ਏ ਸਰਦੀ ਦੀ ਰੁੱਤ ਆਈ।
ਫ਼ਲ, ਸਬਜ਼ੀਆਂ, ਸਾਗ ਸਰ੍ਹੋਂ ਦਾ ਮੱਖਣ ਨਾਲ ਲਿਆਈ।
ਵਿੱਚ ਬੁਢਾਪੇ ਸਿਹਤ ਬਣਾਓ ਆਪਣਾ ਆਪ ਬਚਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਵਿੱਚ ਵਿਦੇਸ਼ਾਂ ਸੱਜਣ ਬੈਠੇ ਪਿਆਰੇ ਰਾਜ ਦੁਲਾਰੇ।
ਏਦਾਂ ਜਚਦੇ ਵਿੱਚ ਵਿਦੇਸ਼ਾਂ ਜਿੱਦਾਂ ਚੰਨ ਸਿਤਾਰੇ।
ਦੋ ਧਰਤੀਆਂ ਉੱਪਰ ਵੱਸਦੇ ਅਪਣੀ ਅਣਖ ਜਗਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਮੇਰਾ ਭਾਰਤ ਦੇਸ਼ ਪਿਆਰਾ ਜੱਗ ਤੋਂ
ਸੋਹਣਾ ਸੁੰਦਰ।
ਏਥੇ ਸ਼ੋਭਿਤ ਸਭ ਧਰਮਾਂ ਦੇ ਸੂਰਜ
ਵਰਗੇ ਮੰਦਰ।
'ਬਾਲਮ' ਅਪਣੇ ਗੀਤ ਵਿੱਚ ਕਹਿੰਦਾ ਵਿੱਚ
ਤਰਨੁੰਮ ਗਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ
ਸ਼ੁੱਭਇੱਛਾਵਾਂ ਆ ਕੇ।




ਬਲਵਿੰਦਰ 'ਬਾਲਮ',
ਉਂਕਾਰ ਨਗਰ, ਗੁਰਦਾਸਪੁਰ
ਮੋ. 98156-25409